Postal No.-- G/CHD/0111/2018-2020

Regd No. 32212/78

# ਲੁਬਾਣਾ ਸੇਵਕ

ਫਰਵਰੀ 2020 ਮਾਸਿਕ ਮੁੱਲ : 15/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸ਼੍ਰੋਮਣੀ ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

## ਸੰਪਾਦਕੀ...

# "ਭਗਤ ਰਵਿਦਾਸ ਜੀ ਦੀ ਬਾਣੀ ਦੇ ਸਮਾਜਿਕ ਸਰੋਕਾਰ"



ਭਗਤ ਰਵਿਦਾਸ ਜੀ ਦਾ ਨਾਂ ਉੱਤਰੀ ਭਾਰਤ ਦੀ ਭਗਤ ਪਰੰਪਰਾ ਵਿਚ ਸ਼੍ਰੋਮਣੀ ਭਗਤ-ਕਵੀ ਦੇ ਤੌਰ ਤੇ ਸਵੀਕਾਰ ਕੀਤਾ ਜਾਂਦਾ ਹੈ। ਭਗਤ ਰਵਿਦਾਸ ਜੀ ਦੇ 40 ਸ਼ਬਦਾਂ ਤੇ ਇਕ ਸਲੋਕ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਸ਼ੋਭਿਤ ਕੀਤਾ ਗਿਆ ਹੈ। ਉਨ੍ਹਾਂ ਨੇ ਸਮੇਂ ਦੇ ਸਮਾਜ ਵਿੱਚੋਂ ਬੁਰਾਈਆਂ ਕੱਢਣ ਲਈ ਇਕ ਆਦਰਸ਼ ਸਮਾਜ ਦੇ ਸੰਕਲਪ ਨੂੰ ਆਪਣੀ ਬਾਣੀ ਦਾ ਧੁਰਾ ਬਣਾਇਆ ਹੈ। ਮਨੂੰ ਵੱਲੋਂ ਕੀਤੀ ਸਮਾਜਿਕ ਵਰਗ-ਵੰਡ ਭਗਤ ਰਵਿਦਾਸ ਜੀ ਦੇ ਸਮੇਂ ਤਕ ਖ਼ਤਰਨਾਕ ਰੂਪ ਅਖਤਿਆਰ ਕਰ ਚੁੱਕੀ ਸੀ। ਸਮਾਜ ਵਿਚ ਸਭ ਤੋਂ ਪ੍ਰਮੁੱਖ ਸਥਾਨ ਬ੍ਰਾਹਮਣਾਂ ਦੇ ਮੂੰਹੋਂ ਕੱਢਿਆ ਕੋਈ ਵੀ ਸ਼ਬਦ ਵਿਅਰਥ ਨਹੀਂ ਸੀ ਸਮਝਿਆ ਜਾਂਦਾ। ਸਮਾਜ ਵਿਚਲੇ ਇਸ ਸੱਚ ਨੂੰ ਨਕਾਰਨ ਲਈ ਭਗਤ ਰਵਿਦਾਸ ਜੀ ਨੇ ਆਪਣੀ ਅਵਾਜ਼ ਬੁਲੰਦ ਕਰਦਿਆਂ ਕਿਹਾ ਕਿ ਕੋਈ ਵੀ ਵਿਆਕਤੀ ਸ੍ਰੇਸ਼ਟ ਅਥਵਾ ਨੀਵੀਂ ਕੁਲ ਵਿਚ ਜਨਮ ਲੈਣ ਕਾਰਨ ਉੱਚਾ ਜਾਂ ਨੀਵਾਂ ਨਹੀਂ ਹੋ ਸਕਦਾ। ਭਗਤ ਰਵਿਦਾਸ ਜੀ ਨੇ ਦਲਿਤ ਮਾਨਸਿਕਤਾ ਤੋਂ ਉੱਪਰ ਉੱਠ ਕੇ ਸਮਾਜ ਨੂੰ ਬਰਾਬਰੀ ਦਾ ਸੱਚਾ-ਸੁੱਚਾ ਮਾਰਗ ਦਰਸਾਇਆ ਹੈ। ਉਸ ਸਮੇਂ ਵੀ ਅਖੌਤੀ ਨੀਵੀਂ ਸਮਝੀ ਜਾਂਦੀ ਜਾਤੀ (ਚਮਾਰ) ਵਿਚ ਪੈਦਾ ਹੋ ਕੇ ਉੱਚ ਜਾਤੀ ਦੇ ਲੋਕਾਂ ਦੇ ਖੋਖਲੇਪਣ ਵਾਲੀ ਮਾਨਸਿਕਤਾ ਨੂੰ ਨਕਾਰਿਆ ਹੈ। ਉਨ੍ਹਾਂ ਅਨੁਸਾਰ ਪ੍ਰਭੂ-ਪਤੀ ਪਰਮਾਤਮਾ ਦੀ ਦਰਗਾਹ ਵਿਚ ਜਾਤ-ਪਾਤ ਨੂੰ ਕੋਈ ਸਥਾਨ ਪ੍ਰਾਪਤ ਨਹੀ ਹੈ। ਭਗਤ ਰਵਿਦਾਸ ਜੀ ਨੇ ਇਹ ਪ੍ਰਮਾਣਿਤ ਕੀਤਾ ਕਿ ਸਮਾਜਿਕ ਤੌਰ ਤੇ ਉੱਚਤਾ ਜਾਂ ਹੀਣਤਾ ਦਾ ਆਧਾਰ ਜਾਤੀ ਨਹੀਂ, ਸਗੋਂ ਵਿਅਕਤੀ ਦੇ ਨੇਕ ਜਾਂ ਬੁਰੇ ਕਰਮ ਹੁੰਦੇ ਹਨ।

ਉਨ੍ਹਾਂ ਨੇ ਸਮਾਜ ਵਿਚ ਨੀਵੇਂ ਸਮਝੇ ਜਾਂਦੇ ਲੋਕਾਂ ਵਿਚ ਆਤਮ-ਵਿਸ਼ਵਾਸ ਦੀ ਭਾਵਨਾ ਪੈਦਾ ਕਰ ਕੇ ਉਨ੍ਹਾਂ ਵਿਚ ਸਮਾਜਿਕ ਤੌਰ ਤੇ ਬਰਾਬਰੀ ਦਾ ਮੁੱਢ ਬੰਨਿਆ। ਭਗਤ ਰਵਿਦਾਸ ਜੀ ਨੇ ਸਮਕਾਲੀ ਸਮਾਜ ਨੂੰ ਆਦਰਸ਼ ਰੂਪ ਵੇਖਣ-ਚਿਤਵਣ ਦਾ ਜੋ ਸੰਕਲਪ ਲਿਆ ਹੈ, ਉਹ ਅਦੁੱਤੀ, ਲਾਸਾਨੀ ਤੇ ਬੇਮਿਸਾਲ ਹੈ। ਉਨ੍ਹਾਂ ਨੇ ਆਪਣੇ ਸੰਕਲਪਿਤ ਸਮਾਜ ਵਿਚਲੇ ਸ਼ਹਿਰ ਦਾ ਨਾਂ 'ਬੇਗਮ ਪੁਰਾ' ਰੱਖਿਆ ਹੈ। 'ਬੇਗਮ ਪੁਰੇ' ਵਿਚ ਊਚ-ਨੀਚ, ਅਮੀਰ-ਗਰੀਬ ਦੀ ਵਰਗ-ਵੰਡ ਅਤੇ ਚਿੰਤਾਵਾਂ ਤੋਂ ਮੁਕਤ ਉਨ੍ਹਾਂ ਦਾ ਇਹ ਸ਼ਹਿਰ ਅਦਭੁਤ ਤੇ ਅਨੋਖਾ ਪ੍ਰਤੀਤ ਹੁੰਦਾ ਹੈ।

ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਕਾਰਲ ਮਾਰਕਸ ਅਤੇ ਮੈਕਸ ਵੈਬਰ ਵਰਗੇ ਸਮਾਜ ਵਿਗਿਆਨੀਆਂ ਅਤੇ ਬੁੱਧੀਜੀਵੀਆਂ ਦੇ ਵਿਵੇਕ ਵਿਚ ਅਜਿਹੇ ਸੰਕਲਪ ਭਗਤ ਰਵਿਦਾਸ ਜੀ ਦੀ ਦਿਵਯ-ਦ੍ਰਿਸ਼ਟੀ ਸਦਕਾ ਹੀ ਉਤਪੰਨ ਹੋਏ ਹੋਣ। ਭਗਤ ਰਵਿਦਾਸ ਜੀ ਨਿਰੋਗ ਅਤੇ ਸਿਹਤਮੰਦ ਸਮਾਜ ਦੇ ਹਾਮੀ ਸਨ। ਭਗਤ ਰਵੀਦਾਸ ਜੀ ਨਸ਼ਿਆਂ ਦੇ ਬਹੁਤ ਖਿਲਾਫ ਸਨ। ਭਗਤ ਰਵਿਦਾਸ ਜੀ ਅਨੁਸਾਰ ਜੇਕਰ ਸ਼ਰਾਬ ਵਿਚ ਪਵਿੱਤਰ ਗੰਗਾ ਜਲ ਨੂੰ ਵੀ ਮਿਲਾ ਲਿਆ ਜਾਵੇ ਤਾਂ ਇਹ ਵੀ ਪਵਿੱਤਰ ਨਹੀਂ ਕਹੀ ਜਾ ਸਕਦੀ। ਇਸੇ ਕਾਰਨ ਰਿਸ਼ੀ-ਮੁਨੀ ਤੇ ਸੰਤ-ਮਹਾਤਮਾ ਇਸ ਦਾ ਸੇਵਨ ਕਰਨ ਤੋਂ ਸਦਾ ਨਿਰਲੇਪ ਰਹੇ ਹਨ।

ਭਗਤ ਰਵਿਦਾਸ ਜੀ ਸਾਦਾ ਜੀਵਨ ਬਤੀਤ ਕਰਨ 'ਤੇ ਬਲ ਦਿੰਦੇ ਹਨ। ਉਨ੍ਹਾਂ ਅਨੁਸਾਰ ਸਮੁੱਚਾ ਮਾਨਵ ਜੀਵਨ ਹੀ ਸੰਘਰਸ਼ਾਂ ਦੀ ਗਾਥਾ ਹੁੰਦੀ ਹੈ। ਉਨ੍ਹਾਂ ਦਾ ਆਪਣਾ ਵਿਅਕਤੀਗਤ ਜੀਵਨ ਵੀ ਕਈ ਤਰ੍ਹਾਂ ਦੇ ਸੰਘਰਸ਼ਾਂ ਵਿੱਚੋਂ ਲੰਘਦਾ ਹੈ।

ਉਨ੍ਹਾਂ ਅਨੁਸਾਰ ਪਰਮਾਤਮਾ ਦੇ ਨਾਮ-ਸਿਮਰਨ ਤੋਂ ਬਿਨ੍ਹਾਂ ਉੱਚੇ ਮਹਿਲ ਤੇ ਸੁੰਦਰ ਇਸਤਰੀ ਕੋਈ ਅਹਿਮੀਅਤ ਨਹੀਂ ਰੱਖਦੇ। ਭਗਤ ਰਵਿਦਾਸ ਜੀ ਸੁਹਾਗਣ ਇਸਤਰੀ ਦਾ ਪ੍ਰਤੀਕ ਵਰਤ ਤੇ ਪਤੀ-ਪਤਨੀ ਦੇ ਪਰਸਪਰ ਰਿਸ਼ਤੇ ਦੀ ਪਵਿੱਤਰਤਾ ਵਜੋਂ ਫ਼ੁਰਮਾਨ ਕਰਦੇ ਹਨ ਕਿ ਪਾਕ ਪਤਨੀ ਹੀ ਆਪਣੇ ਪਤੀ-ਪ੍ਰੇਮ ਨੂੰ ਜਾਣ ਸਕਦੀ ਹੈ।

ਭਗਤ ਰਵਿਦਾਸ ਜੀ ਨੂੰ ਪੂਰਨ ਅਹਿਸਾਸ ਹੈ ਕਿ ਜੀਵ-ਆਤਮਾ ਦਾ ਪਰਮਾਤਮਾ ਨਾਲ ਪੁਨਰ-ਮਿਲਾਪ ਸੰਭਵ ਹੈ, ਜੇਕਰ ਉਹ ਸਵਾਸ-ਸਵਾਸ ਪ੍ਰਭੂ-ਭਗਤੀ ਵਿਚ ਲੀਨ ਹੋ ਕੇ ਨਾਮ ਦਾ ਸਿਮਰਨ ਕਰੇ। ਨਾਮ ਸਿਮਰਨ ਨਾਲ ਹੀ ਮਨੁੱਖੀ ਜੀਵਨ ਦੇ ਸਰੋਕਾਰ ਤਬਦੀਲ ਹੋ ਸਕਦੇ ਹਨ। ਇਸ ਦੇ ਨਾਲ ਹੀ ਉਹ ਮਨੁੱਖੀ ਜੀਵਨ ਵਿਚ ਸਦਾਚਾਰਕ ਪੱਖਾਂ ਨੂੰ ਵੀ ਲਾਜ਼ਮੀ ਕਰਾਰ ਦਿੰਦੇ ਹਨ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਝੂਠ, ਨਿੰਦਾ ਅਤੇ ਈਰਖਾ ਆਦਿ ਵਰਗੇ ਭੈੜੇ ਸਮਾਜਿਕ ਵਿਕਾਰ ਮਨੁੱਖ ਨੂੰ ਅਨੈਤਿਕ ਰੁਚੀਆਂ ਵਿਚ ਗ੍ਰਸਿਆ ਹੋਇਆ ਜੀਵ ਪਰਮਾਤਮਾ ਨੂੰ ਭੁੱਲ ਕੇ ਅਪਰਾਧ ਜਗਤ ਵਿਚ ਪ੍ਰਵੇਸ਼ ਕਰਦਾ ਹੈ। ਇਸ ਦੇ ਨਾਲ ਹੀ ਉਹ ਸੱਚ ਬੋਲਣ,

ਨਿਮਰਤਾ ਧਾਰਨ ਕਰਨ, ਲੋੜਵੰਦਾਂ ਦੀ ਮਦਦ ਕਰਨ ਅਤੇ ਮਿੱਠ ਬੋਲੜਾ ਹੋਣ ਆਦਿ ਵਰਗੇ ਗੁਣ ਧਾਰਨ ਕਰਨ ਲਈ ਕਹਿੰਦੇ ਹਨ। ਉਪਦੇਸ਼ਾਂ ਦਾ ਹੋਕਾ ਦੇਣ ਵਾਲੇ ਲੋਕ ਕਈ ਵਾਰ ਅਜਿਹੇ ਗੁਣਾਂ ਤੋਂ ਖ਼ੁਦ ਨਿਰਲੇਪ ਹੁੰਦੇ ਹਨ। ਭਗਤ ਰਵਿਦਾਸ ਜੀ ਅਨੁਸਾਰ ਮਨੁੱਖ ਇਸ ਦੁਨਿਆਵੀ ਸੰਸਾਰ ਦੀ ਮੋਹ ਮਾਇਆ ਵਿਚ ਲੀਨ ਹੋ ਕੇ ਆਪਣਾ ਅਸਲੀ ਕਰਤੱਵ ਭੁੱਲ ਜਾਂਦਾ ਹੈ। ਇਹ ਦਿਸਦਾ ਸੰਸਾਰ ਪਰਿਵਰਤਨਸ਼ੀਲ ਹੈ। ਇੱਥੇ ਕੁਝ ਵੀ ਸਥਾਈ ਨਹੀਂ ਹੈ। ਇਸ ਕਾਰਨ ਇਹ ਜਗਤ ਪਸਾਰਾ ਅਸਤਿ ਹੈ। ਅਗਿਆਨਤਾ ਵੱਸ ਮਨੁੱਖ ਅਸਤਿ ਨਾਲ ਜੁੜ ਕੇ ਹਉਮੈਂ ਦਾ ਧਰਨੀ ਬਣਦਾ ਹੈ:

**"ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ।।"**

ਭਗਤ ਰਵਿਦਾਸ ਜੀ ਦੀ ਬਾਣੀ ਦਾ ਕੇਂਦਰੀ ਅਧਾਰ ਮਨੁੱਖ ਨੂੰ ਸਦਾਚਾਰਕ ਜੀਵਨ ਬਤੀਤ ਕਰਨ 'ਤੇ ਬਲ ਦਿੰਦਾ ਹੈ। ਉਨ੍ਹਾਂ ਦੀ ਸੰਪੂਰਨ ਵਿਚਾਰਧਾਰਾ ਸਮਾਜਿਕ, ਅਧਿਆਤਮਿਕ ਅਤੇ ਜਨ-ਕਲਿਆਣ ਦੇ ਹਿੱਤਾਂ ਤੇ ਕੇਂਦਰਿਤ ਰਹਿੰਦੀ ਹੋਈ ਉੱਚੀਆਂ ਨੈਤਿਕ ਕਦਰਾਂ-ਕੀਮਤਾਂ ਦਾ ਹੋਕਾ ਦਿੰਦੀ ਹੈ। ਉਨ੍ਹਾਂ ਦੀ ਸ਼ੈਲੀ ਉਪਦੇਸ਼ਾਤਮਿਕਤਾ ਦਾ ਬੋਧ ਕਰਵਾਉਂਦੀ ਪ੍ਰਤੀਤ ਹੁੰਦੀ ਹੈ। ਹੱਥੀਂ ਕਿਰਤ ਕਰਨੀ, ਸਬਰ-ਸਤੋਖ ਦੀ ਭਾਵਨਾ ਨੂੰ ਬਰਕਰਾਰ ਰੱਖਣਾ ਅਤੇ ਮਨੁੱਖ ਨੂੰ ਸੱਚੇ ਮਾਰਗ ਦਾ ਪਾਂਧੀ ਬਣਨ ਲਈ ਪ੍ਰੇਰਿਤ ਕਰਨਾ ਆਦਿ ਗੱਲਾਂ ਉਨ੍ਹਾਂ ਦੀ ਬਾਣੀ ਦੇ ਮੂਲ ਸਮਾਜਿਕ ਸਰੋਕਾਰ ਹਨ।

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥
# ਕਨਕ ਕਟਿਕ ਜਲ ਤਰੰਗ ਜੈਸਾ ॥੧॥
# ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥
# ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥੧॥ ਰਹਾਉ ॥
# ਤੁਮ ਜੁ ਨਾਇਕ ਆਛਹੁ ਅੰਤਰਜਾਮੀ ॥
# ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥੨॥
# ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ ॥
# ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥ (ਪੰਨਾ 93)

# ਲੁਬਾਣਾ ਸੇਵਕ



**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**Engineer Parminderjit Singh**
524, GMT Jalandhar
singh_parminderjit@yahoo.com
M.: 99153-57524

**Co-Editor**
**S. Joginder Singh Ajaib, 421-A,**
Maharaja Ranjit Singh Avenue, Jalandhar-144009
M.: 98152-69145

**Prof. Jaswant Singh Ph.D.**
College Road, Begowal, Kapurthala
M.: 98724-66351

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940
Kashmir Singh Multani Maqsudan # 98150-01412



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਜਨਵਰੀ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**

ਸੰਗਰਾਂਦ - (੧ ਚੇਤ) 14-03-2020 (ਸ਼ਨੀਵਾਰ)
ਸੰਗਰਾਂਦ - (੧ ਵੈਸਾਖ) 13-04-2020 (ਸੋਮਵਾਰ)
ਪੂਰਨਮਾਸ਼ੀ - (੨੬ ਫੱਗਣ) 09-03-2020 (ਸੋਮਵਾਰ)
ਮੱਸਿਆ - (੧੧ ਚੇਤਰ) 24-03-2020 (ਮੰਗਲਵਾਰ)

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ


ਜਿਲਦ ਨੰ. 41 | ਅੰਕ - 96 | ਫਰਵਰੀ - 2020



1. ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ 5
2. ਸ਼ਹੀਦ ਬਾਬਾ ਦੀਪ ਸਿੰਘ ਜੀ 8
3. ਗਿਆਨ ਸਾਗਰ ਦੇ ਸੁੱਚੇ ਮੋਤੀ 10
4. ਸੰਤ ਪ੍ਰੇਮ ਸਿੰਘ ਜੀ 11
5. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ 13
6. ਆਓ ਜਾਣੀਏ ! 17
7. ਦੇਸ਼ ਦੀ ਵੰਡ ਅਤੇ ਦੇਸ਼-ਨਿਕਾਲਾ.... 22
8. ਕਹਾਣੀ/ਅਜੇ ਵੀ ਜੀਊਣਾਂ ਆ ਜਾਵੇ 25
9. ਸਿਹਤ ਸੰਭਾਲ, ਸ਼ਬਦਾਂ ਦੇ ਸੰਜੋਗ 28
10. ਕਾਵਿ-ਕਿਆਰੀ 29
11. सरबंसदानी श्री गुरु गोबिंद सिंघ जी 31
12. सफलता क्या है? 32
13. Shri Guru Har Rai Sahib Ji 33
14. Shri Muktsar Sahib 37
15. Matrimonial 38
16. ਦਾਨੀ ਸੱਜਣਾਂ ਦੀ ਸੂਚੀ 40



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

## ਦਲਿਤ ਚੇਤਨਾ ਦੇ ਪ੍ਰਸੰਗ ਵਿਚ

# ਭਗਤ ਰਵਿਦਾਸ ਜੀ ਦਾ ਰੂਹਾਨੀ ਉਪਦੇਸ਼

**ਜਸਬੀਰ ਸਿੰਘ ਸਾਬਰ (ਡਾ.)**



ਮੱਧ ਯੁਗ ਤੋਂ ਅੱਜ ਤੱਕ ਮਾਨਵ-ਸਮਾਜ ਦੇ ਮਨੁੱਖ ਦੀ ਨਿਰੰਤਰ ਤ੍ਰਾਸਦੀ ਬਣੀ ਹੋਈ ਹੈ ਕਿ ਇਸ ਦੀ ਰੁਚੀ ਉਨ੍ਹਾਂ ਪ੍ਰਾਪਤੀਆਂ ਵੱਲ ਵਧੇਰੇ ਹੁੰਦੀ ਹੈ ਜੋ ਸੌਖਿਆਂ ਤੇ ਜਲਦੀ ਪ੍ਰਾਪਤ ਹੋ ਜਾਣ। ਹਾਲਾਂਕਿ ਅਜਿਹੀਆਂ ਪ੍ਰਾਪਤੀਆਂ ਕੇਵਲ ਵਕਤੀ ਲੋੜਾਂ ਪੂਰੀਆਂ ਕਰਨ ਵਾਲੀਆਂ ਤੇ ਥੋੜ੍ਹਚਿਰੀ ਖੁਸ਼ੀ ਦੇਣ ਵਾਲੀਆਂ ਹੀ ਹੁੰਦੀਆਂ ਹਨ। ਇਸ ਤ੍ਰਾਸਦੀ ਦਾ ਸ਼ਿਕਾਰ ਮਨੁੱਖ, ਸਿਧਾਂਤ ਦੀ ਸਾਰਥਿਕਤਾ ਨੂੰ ਛੱਡ ਕੇ ਸਿਧਾਂਤ ਸੰਚਾਰ ਦੀ ਪੂਜਾ ਕਰਨੀ ਆਰੰਭ ਦਿੰਦਾ ਹੈ। ਮਨੁੱਖ ਦੀ ਇਸ ਰੁਚੀ ਨੇ ਹੀ ਦੇਹ-ਪੂਜਾ ਅਤੇ ਨਿੱਜਵਾਦ ਨੂੰ ਪ੍ਰਫੁੱਲਤ ਕੀਤਾ। ਅੱਜ ਸਥਿਤੀ ਇਹ ਬਣ ਗਈ ਹੈ ਕਿ ਮਨੁੱਖ ਦੀ ਮਾਨਸਿਕਤਾ ਪਦਾਰਥਕ ਸੁਖਾਂ ਦੀ ਗ੍ਰਿਫਤ ਵਿਚ ਅਜਿਹੀ ਜਕੜੀ ਜਾ ਚੁੱਕੀ ਹੈ ਕਿ ਉਹ ਪਰਮਾਰਥ ਦੀ ਗੱਲ ਮੰਨਣੀ ਤਾਂ ਇਕ ਪਾਸੇ ਰਹੀ ਸੁਣਨੀ ਵੀ ਪਸੰਦ ਨਹੀਂ ਕਰ ਰਿਹਾ।

ਮਾਨਵ-ਚੇਤਨਾ ਦੀ ਇਸ ਸਥਿਤੀ ਦੇ ਦੋ ਕਾਰਨ ਸਪੱਸ਼ਟ ਰੂਪ ਵਿਚ ਨਜ਼ਰ ਆਉਂਦੇ ਹਨ। ਪਹਿਲਾ ਕਾਰਨ ਹੈ ਮਨੁੱਖ ਨੂੰ ਬਚਪਨ ਤੋਂ ਹੀ ਘਰ ਵਿਚੋਂ ਸੁਚੱਜਾ ਅਧਿਆਤਮਕ ਵਾਤਾਵਰਨ ਨਾ ਮਿਲਣਾ, ਜਿਸ ਕਰਕੇ ਉਹ ਸੁੱਚੀਆਂ ਅਧਿਆਤਮਕ ਕਦਰਾਂ-ਕੀਮਤਾਂ ਤੋਂ ਅਗਿਆਨੀ ਹੁੰਦਾ ਹੈ। ਉਸ ਨੂੰ ਜਨਮ ਤੋਂ ਹੀ ਇਕ ਅਜਿਹਾ ਸੰਕੀਰਨ, ਕੱਟੜਵਾਦੀ ਮਾਹੌਲ ਪ੍ਰਾਪਤ ਹੁੰਦਾ ਹੈ ਜੋ ਉਸ ਨੂੰ ਮਾਨਵ-ਭਾਈਚਾਰੇ ਅਤੇ ਸਰਬ ਸਾਂਝੀਵਾਲਤਾ ਅਤੇ ਸਭਿਆਚਾਰ ਤੋਂ ਨਿਖੇੜ ਕੇ ਰੱਖਦਾ ਹੈ। ਦੂਜਾ ਪ੍ਰਮੁੱਖ ਕਾਰਨ ਹੈ ਸਮਾਜ ਦੇ ਉਨ੍ਹਾਂ ਧਾਰਮਕ ਆਗੂਆਂ ਦੀ ਅਪ੍ਰਸੰਗਕ ਭੂਮਿਕਾ ਜਿਨ੍ਹਾਂ ਦਾ ਆਪਣਾ ਨਿੱਜ ਪੱਧਰਾ ਜੀਵਨ, ਲੋਕ-ਮਾਨਸ ਦੀ ਚੇਤਨਾ ਵਿਚ ਅਜਿਹਾ ਰੋਲ-ਮਾਡਲ ਪੇਸ਼ ਕਰਦਾ ਹੈ ਜੋ ਮਾਨਵ-ਸਮਾਜ ਦੇ ਵਿਕਾਸ-ਕਾਰਜ ਲਈ ਰੁਕਾਵਟ ਬਣ ਜਾਂਦਾ ਹੈ। ਕਿਸੇ ਵੀ ਚਿੰਤਨ ਦੀ ਪਰਖ/ਪੜਚੋਲ ਦਾ ਮੁੱਲ ਹੀ ਇਸ ਗੱਲ ਤੋਂ ਪਤਾ ਚੱਲਦਾ ਹੈ ਕਿ ਉਸ ਦਾ ਮਾਨਵੀ ਕਦਰਾਂ-ਕੀਮਤਾਂ ਨਾਲ ਸਰੋਕਾਰ ਕਿਸ ਮਾਤਰਾ ਵਿਚ ਜੁੜਿਆ ਹੋਇਆ ਹੈ। ਇਹ ਇਕ ਅਟੱਲ ਸੱਚਾਈ ਹੈ ਕਿ ਜੇਕਰ ਧਰਮ-ਚਿੰਤਨ ਸੁਘੜ ਤੇ ਸੁਜਾਨ ਪੁਰਸ਼ਾਂ ਦੇ ਹੱਥਾਂ ਵਿਚ ਹੋਵੇਗਾ ਤਾਂ ਮਾਨਵ ਸਮਾਜ ਦਾ ਸਿਰਜਨ ਤੇ ਪਾਲਣ-ਪੋਸ਼ਣ ਵੀ ਨਰੋਆ ਹੋਵੇਗਾ। ਪਰ ਜਦੋਂ ਗਿਆਨ ਦੇਣ ਵਾਲੇ ਆਗੂ ਹੀ ਅਗਿਆਨੀ ਅਤੇ ਅਨੈਤਿਕ ਰੁਚੀਆਂ ਦਾ ਸ਼ਿਕਾਰ ਹੋ ਜਾਣ ਜਾਂ ਨਿੱਜ-ਕਲਿਆਣ ਤੱਕ ਸੀਮਤ ਹੋ ਜਾਣ ਤਾਂ ਮਾਨਵ ਸਮਾਜ ਦਾ ਗ੍ਰਾਫ ਹੇਠਾਂ ਵੱਲ ਹੀ ਆਵੇਗਾ। ਸੱਚੀ ਗੱਲ ਤਾਂ ਇਹ ਹੈ ਕਿ ਅਜਿਹੀ ਪ੍ਰਸਥਿਤੀ ਵਿਚ ਮਾਨਵਤਾ ਅਤੇ ਧਰਮ ਦਾ ਆਪਸੀ ਰਿਸ਼ਤਾ ਹੀ ਟੁੱਟ ਜਾਂਦਾ ਹੈ ਜਿਸ ਦੇ ਫਲਸਰੂਪ ਨੈਤਿਕ ਕਦਰਾਂ-ਕੀਮਤਾਂ ਦਾ ਪ੍ਰਸੰਗ ਹੀ ਗੁਆਚ ਜਾਂਦਾ ਹੈ। ਕੁਝ ਅਜਿਹੀ ਹੀ ਪ੍ਰਸਥਿਤੀ ਸੀ ਭਗਤ ਰਵਿਦਾਸ ਜੀ ਦੇ ਸਮਕਾਲੀ ਮਾਨਵ-ਸਮਾਜ ਦੀ ਜਿਸ ਵਿਚ ਦਲਿਤ ਵਰਗ ਦਾ ਬੁਰੀ ਤਰ੍ਹਾਂ ਸ਼ੋਸ਼ਣ ਕੀਤਾ ਜਾ ਰਿਹਾ ਸੀ।

ਭਗਤ ਰਵਿਦਾਸ ਜੀ ਦੇ ਸਮਕਾਲੀ ਸਮਾਜ ਦਾ ਧਰਮ-ਚਿੰਤਨ ਇਕ ਪਾਸੇ ਭੂਤਮੁਖੀ ਵਹਿਮਾਂ-ਭਰਮਾਂ ਦਾ ਸ਼ਿਕਾਰ ਸੀ ਅਤੇ ਦੂਜੇ ਪਾਸੇ ਭਵਿੱਖਮੁਖੀ ਲਾਰੇ-ਲੱਪੇ ਲਾਉਣ ਤੋਂ ਇਲਾਵਾ ਕੁਝ ਵੀ ਨਹੀਂ ਸੀ, ਜਿਸ ਕਰਕੇ ਅਧਿਆਤਮਕ ਕਦਰਾਂ-ਕੀਮਤਾਂ ਪੂਰੀ ਤਰ੍ਹਾਂ ਖੜੋਤ-ਗ੍ਰਸਤ ਸਨ। ਲੋਕ-ਮਾਨਸ ਦੀ ਚੇਤਨਾ ਵਿਚ ਪ੍ਰਭੂ-ਭਗਤੀ ਮਨਫ਼ੀ ਸੀ ਅਤੇ ਨਿੱਜ-ਭਗਤੀ ਦਾ ਬੋਲਬਾਲਾ ਸੀ। ਅਧਿਆਤਮਕ ਖੇਤਰ ਤੋਂ ਇਲਾਵਾ ਸਮਾਜਕ, ਆਰਥਕ ਅਤੇ ਰਾਜਨੀਤਕ ਖੇਤਰ ਵਿਚ ਵੀ ਮਾਨਵ-ਜੀਵਨ ਅਸੰਤੁਲਤ (unbalanced) ਅਤੇ ਉਖੜਿਆ ਹੋਇਆ ਸੀ। ਇਸ ਸੰਦਰਭ ਵਿਚ ਦਲਿਤ ਵਰਗ ਦਾ ਜੀਵਨ ਮੌਤ ਨਾਲੋਂ ਵੀ ਭੈੜਾ ਸੀ ਜੋ ਜ਼ੁਲਮ ਸਿਤਮ ਦੇ ਦੋ ਪੁੜਾਂ ਵਿਚਕਾਰ ਬੁਰੀ ਤਰ੍ਹਾਂ ਪੀਸਿਆ ਜਾ ਰਿਹਾ ਸੀ। ਇਸ ਦਾ ਕਾਰਨ ਸੀ ਦੇਸ਼ ਦੀ ਵਾਂਗਡੋਰ ਵਿਦੇਸ਼ੀ ਹਾਕਮਾਂ ਦੇ ਹੱਥ ਵਿਚ ਹੋਣੀ ਜੋ ਤਲਵਾਰ ਦੇ ਜ਼ੋਰ ਨਾਲ ਇਕ ਪਾਸੇ ਦੇਸ਼ ਦੀ ਧਨ-ਦੌਲਤ ਲੁੱਟ ਰਹੇ ਸਨ ਅਤੇ ਤਲਵਾਰ ਦੇ ਜ਼ੋਰ ਨਾਲ ਇਸਲਾਮ ਫੈਲਾ ਰਹੇ ਸਨ। ਦੂਜੇ ਪਾਸੇ ਦੇਸ਼ ਦੇ ਹਿੰਦੂ ਰਾਜੇ ਆਪਸੀ ਫੁੱਟ ਦਾ ਸ਼ਿਕਾਰ ਹੋਣ ਕਾਰਨ ਵਿਦੇਸ਼ੀ ਹਕੂਮਤ ਦੀ ਸਿਰਦਾਰੀ ਪ੍ਰਵਾਨ ਕਰਕੇ, ਬਦਲੇ ਵਿਚ ਅਯਾਸ਼ੀ ਭਰਿਆ ਜੀਵਨ ਬਤੀਤ ਕਰਨ ਲਈ ਦਲਿਤ ਵਰਗ ਦੀਆਂ ਹੱਡੀਆਂ ਚੂਸ ਰਹੇ ਸਨ। ਹੈਰਾਨੀਜਨਕ ਤੱਥ ਇਹ ਹੈ ਕਿ ਦਲਿਤ ਵਰਗ ਨੂੰ ਲੁੱਟਣ ਲਈ ਦੋਵਾਂ ਕੌਮਾਂ ਦੇ ਹਾਕਮ ਤੇ ਪੁਜਾਰੀ ਇਕ ਦੂਜੇ ਦੇ ਸਹਾਇਕ ਬਣੇ ਹੋਏ ਸਨ। ਡਾ. ਈਸ਼ਵਰੀ ਪ੍ਰਸ਼ਾਦਿ ਠੀਕ ਹੀ ਲਿਖਦੇ ਹਨ ਕਿ:

**ਸ਼ਾਸ਼ਨ ਕੇ ਰੂਪ ਮੇਂ ਸੀਜ਼ਰ ਵ ਪੋਪ ਦੋਨੋਂ ਇਕੱਤ੍ਰ ਹੋ ਗਏ ਥੇ।**

ਸ੍ਰੀ ਕੇ.ਐੱਮ.ਮੁਨਸ਼ੀ ਭਗਤ ਰਵਿਦਾਸ ਜੀ ਦੇ ਤਤਕਾਲੀ ਸਮਾਜ ਦੀ ਵਿਵਸਥਾ ਬਾਰੇ ਲਿਖਦੇ ਹਨ ਕਿ-

ਇਸ ਸਮੇਂ ਸਦੀਓਂ ਸੇ ਇਕੱਤ੍ਰ ਕੀ ਗਈ ਧਨ ਔਰ ਸੰਪਤੀ ਲੂਟ ਕਾ ਵਿਸ਼ਾ ਬਨੀ, ਔਰਤੋਂ ਕਾ ਅਪਹਰਨ ਔਰ ਬਲਾਤਕਾਰ, ਅਰਾਜਕਤਾ ਜੀਵਨ ਕਾ ਹਿੱਸਾ ਬਨ ਗਿਆ ਥਾ। ਇਸਲਾਮ ਕਾ ਪਰਚਮ ਚਾਰੋਂ ਓਰ ਲਹਿਰਾਨੇ ਲਗਾ।

ਕੁਝ ਇਸ ਤਰ੍ਹਾਂ ਦੀ ਹੀ ਤਸਵੀਰ ਸ੍ਰੀ ਸਤਿਆ ਕੇਤੂ ਵਿਦਿਆਲੰਕਾਰ ਦਿਖਾਉਂਦੇ ਹਨ ਕਿ -

ਨਾਰੀਓਂ ਕੇ ਸਤ ਕੋ ਭ੍ਰਸ਼ਟ ਕਰਨਾ ਔਰ ਇਸਲਾਮ ਧਰਮ ਕੋ ਸਵੀਕਾਰ ਕਰਨੇ ਕੇ ਲੀਏ ਵਿਵਸ਼ ਕਰਨਾ ਉਸ ਸਮੇਂ ਕੇ ਕਰੂਰ ਸ਼ਾਸਕੋਂ ਔਰ ਮੰਤਰੀਓਂ ਕਾ ਦੈਨਿਕ ਚਰਯਾ ਥਾ।

ਧਰਮ-ਖੇਤਰ ਵਿਚ ਵਿਭਿੰਨ ਮੱਤ-ਮਤਾਂਤਰਾਂ ਦੀਆਂ ਪੂਜਾ ਵਿਧੀਆਂ ਤੇ ਕਰਮਕਾਂਡਾਂ ਕਾਰਨ ਹੋਂਦ 'ਚ ਆਈ ਧਰਮ ਵੰਡ ਦੀ ਤਸਵੀਰ ਤਾਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਰਚਨਾ ਵਿਚੋਂ ਵੀ ਭਲੀ ਪ੍ਰਕਾਰ ਵੇਖੀ ਜਾ ਸਕਦੀ ਹੈ :

**ਕਾਹੂ ਲੈ ਪਾਹਨ ਪੂਜ ਧਰਯੋ ਸਿਰ**
**ਕਾਹੂ ਲੈ ਲਿੰਗ ਗਰੇ ਲਟਕਾਇਓ॥**
**ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ**
**ਕਾਹੂ ਪਛਾਹ ਕੋ ਸੀਸੁ ਨਿਵਾਇਓ॥**
**ਕੋਊ ਬੁਤਾਨ ਕੋ ਪੂਜਤ ਹੈ ਪਸੁ**
**ਕੋਊ ਮ੍ਰਿਤਾਨ ਕੋ ਪੂਜਨ ਧਾਇਓ॥**
**ਕੂਰ ਕ੍ਰਿਆ ਉਰਝਿਓ ਸਭਹੀ ਜਗ**
**ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥**

**(ਤ੍ਵਪ੍ਰਸਾਦਿ ਸਵੱਯੇ)**

ਸਮਾਜ ਦਾ ਉਪਰੋਕਤ ਵਰਣਨ ਰੂਪ ਸਿੱਧ ਕਰਦਾ ਹੈ ਕਿ ਇਸ ਸਮੇਂ ਦੇ ਮਾਨਵ ਦੀ ਬਿਰਤੀ ਦਾ ਇਕੋ ਇਕ ਸਰੋਕਾਰ ਸੀ ਕਿ ਹਰ ਉਚਿਤ ਅਨਉਚਿਤ ਢੰਗ ਨਾਲ ਮਾਨਵੀ ਸਮਾਜ ਦੇ ਹਰ ਖੇਤਰ ਵਿਚ ਜ਼ਰ, ਜ਼ੋਰੂ ਤੇ ਜ਼ਮੀਨ ਉੱਤੇ ਕਬਜ਼ਾ ਕਰਨਾ। ਨਿੱਜ-ਲਾਭ ਦੀ ਇਸ ਹਵਸ ਨੇ ਮਾਨਵੀ-ਰਿਸ਼ਤੇ ਦੀ ਸਾਂਝ ਮਨਫ਼ੀ ਕਰ ਦਿੱਤੀ ਹੋਈ ਸੀ। ਬੇਸ਼ੱਕ ਅਜੋਕੇ ਦੌਰ ਵਿਚ ਵੀ ਇਹ ਰੁਚੀ ਵਧੇਰੇ ਪ੍ਰਚੰਡ ਹੋ ਰਹੀ ਹੈ ਅਤੇ ਇਸ ਦੇ ਵਿਰੋਧ ਦੀ ਸੰਭਾਵਨਾ ਵੀ ਨਹੀਂ ਦਿਸ ਰਹੀ। ਇਸ ਦੇ ਨਾਲ ਹੀ ਅੰਸ਼-ਵੰਸ, ਕੁਲ ਪਰੰਪਰਾ, ਜਾਤੀਵਾਦ, ਕਰਮ-ਕਾਂਡ, ਰੂਪ ਰੰਗ, ਲਿੰਗ ਭੇਦ ਦੀ ਵਿਤਕਰੇ ਭਰੀ ਵੰਡ ਨੇ ਮਾਨਵ-ਸਮਾਜ ਦੀ ਆਪਸੀ ਸਾਂਝ ਨੂੰ ਬਖੇਰ ਕੇ ਰੱਖ ਦਿੱਤਾ ਸੀ। ਚਤੁਰ ਵਰਣ ਵਿਵਸਥਾ ਦਾ ਤਾਣਾ-ਪੇਟਾ ਇਸ ਪ੍ਰਕਾਰ ਦਾ ਸੀ ਕਿ ਉਸ ਨੇ ਦਲਿਤ-ਵਰਗ ਨੂੰ ਸੰਤਾਪ ਦੀ ਭੱਠੀ ਵਿਚ ਇਸ ਤਰ੍ਹਾਂ ਝੋਕਿਆ ਹੋਇਆ ਸੀ ਕਿ ਉਨ੍ਹਾਂ ਨੂੰ ਨਾ ਜਿਉਂਦਿਆਂ ਵਿਚ ਤੇ ਨਾ ਹੀ ਮਰਿਆਂ ਵਿਚ ਸ਼ੁਮਾਰ ਕੀਤਾ ਜਾ ਸਕਦਾ ਸੀ। ਇਸ ਵਿਵਸਥਾ ਅਧੀਨ ਛੂਆ-ਛਾਤ ਇਤਨੀ ਪ੍ਰਬਲ ਸੀ ਕਿ ਇਕ ਪਾਸੇ ਤਾਂ ਗਊ ਦੇ ਮਲ-ਮੂਤਰ ਨਾਲ ਨਵ-ਜੰਮੇ ਬੱਚੇ ਦਾ ਜਨਮ ਸੰਸਾਕਰ ਅਤੇ ਚੁੱਲ੍ਹਾ ਚੌਂਕਾ ਪਵਿੱਤਰ ਕੀਤਾ ਜਾਂਦਾ ਪਰ ਦੂਜੇ ਪਾਸੇ ਇਨ੍ਹਾਂ ਦੀ ਸੇਵਾ ਕਰਨ ਵਾਲੇ ਦਲਿਤ ਵਰਗ ਨੂੰ ਅਛੂਤ ਗਰਦਾਨ ਕੇ ਉਸ ਦੀ ਛੂਹ ਤੇ ਪਰਛਾਈ ਵਾਲੀ ਵਸਤ ਭਿੱਟੀ ਹੋਈ ਅਪਵਿੱਤਰ ਮੰਨਦਿਆਂ ਬਦਲੇ ਵਿਚ ਦਲਿਤ ਨੂੰ ਫਿਟਕਾਰਿਆ, ਦੁਰਕਾਰਿਆ, ਤ੍ਰਿਸਕਾਰਿਆ ਤੇ ਮਾਰਿਆ ਜਾਂਦਾ। ਅਜਿਹੀ ਵਿਵਸਥਾ ਨੇ ਦਲਿਤ ਵਰਗ ਨੂੰ ਠੀਕ ਸਮਝਣ ਸੋਚਣ ਦੇ ਸਮਰੱਥ ਵੀ ਨਾ ਰਹਿਣ ਦਿੱਤਾ। ਕਿਉਂਕਿ ਜੇਕਰ ਉਹ ਆਪਣਾ ਨਾਤਾ ਹਿੰਦੂ ਧਰਮ ਨਾਲ ਜੋੜਦਾ ਸੀ ਤਾਂ ਉਸ ਨੂੰ ਪ੍ਰਾਪਤ ਹੁੰਦਾ ਸੀ ਨਿੱਕੀ-ਨਿੱਕੀ ਗੱਲ ਬਦਲੇ ਤ੍ਰਿਸਕਾਰ ਤੇ ਧਿਰਕਾਰ ਜਿਸ ਦੇ ਫਲਸਰੂਪ ਉਹ ਹਮੇਸ਼ਾ ਹੀਨ-ਭਾਵਨਾ ਦਾ ਸ਼ਿਕਾਰ ਰਹਿੰਦਾ। ਪਰ ਜੇਕਰ ਉਹ ਲਾਲਚ ਵੱਸ ਇਸਲਾਮ ਧਰਮ ਨਾਲ ਜੁੜ ਜਾਂਦਾ ਸੀ ਤਾਂ ਬਿਗਾਨਾਪਨ ਤੇ ਆਰਥਕ ਮੰਦਹਾਲੀ ਉਥੇ ਵੀ ਉਸ ਦਾ ਪਿੱਛਾ ਨਹੀਂ ਸੀ ਛੱਡਦੀ। ਇਸ ਤਰ੍ਹਾਂ ਉਸਦੀ ਬਿਰਤੀ ਦਿਨ-ਬ-ਦਿਨ ਰੋਗੀ ਬਣਦੀ ਜਾ ਰਹੀ ਸੀ। ਇਹ ਇਕ ਅਟੱਲ ਸੱਚਾਈ ਹੈ ਕਿ ਹਰੇਕ ਵਿਅਕਤੀ ਤਤਕਾਲੀਨ ਪ੍ਰਸਥਿਤੀਆਂ ਤੋਂ ਪ੍ਰਭਾਵਤ ਹੁੰਦਾ ਹੈ ਅਤੇ ਉਸ ਦੇ ਵਿਕਾਸ ਤੇ ਵਿਨਾਸ਼ ਵਿਚ ਵੱਡੀ ਭੂਮਿਕਾ ਨਿਭਾਉਂਦਾ ਹੈ - ਤਤਕਾਲੀ ਸਮਾਜ। ਇਸ ਲਈ ਰੋਗੀ-ਬਿਰਤੀਆਂ ਦਾ ਸ਼ਿਕਾਰ ਮਾਨਵ, ਵਿਕਾਸ ਗਤੀ ਵਾਲੇ ਮਾਨਵ-ਸਮਾਜ ਦਾ ਵਿਕਸਿਤ ਨਿਰਮਾਣ ਕਰਨ ਦੇ ਯੋਗ ਨਹੀਂ ਹੋਇਆ ਕਰਦਾ। ਸੁੱਚੀਆਂ ਕਦਰਾਂ-ਕੀਮਤਾਂ ਵਾਲੇ ਸਮਾਜ ਦਾ ਨਿਰਮਾਣ-ਕਾਰਜ, ਅਰੋਗ ਰੁਚੀਆਂ ਵਾਲੇ ਮਾਨਵ ਹੀ ਕਰ ਸਕਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਰਵਿਦਾਸ ਜੀ ਦੀ ਬਾਣੀ ਦੇ ਅੰਕਤ ੪੦ ਸ਼ਬਦ ਇਸ ਤੱਥ ਨੂੰ ਉਭਾਰਦੇ ਹਨ ਕਿ ਭਗਤ ਜੀ ਨੇ ਦਲਿਤ



ਵਰਗ ਦੀ ਰੋਗੀ ਬਿਰਤੀ ਨੂੰ ਅਰੋਗ ਕਰਨ ਲਈ ਉਨ੍ਹਾਂ ਵਿਚੋਂ ਹੀਨ ਭਾਵਨਾ ਨੂੰ ਖਤਮ ਕਰਨ ਹਿਤ ਆਪਣੀ ਅਲਾਹੀ ਬਾਣੀ ਦੇ ਮਿੱਠੜੇ ਬੋਲਾਂ ਨਾਲ ਉਸ ਸਮੇਂ ਦੇ ਮਹਾਂ-ਪੰਡਤਾਂ ਨੂੰ ਆਪਣੇ ਚਰਨਾਂ ਉੱਤੇ ਸੀਸ ਝੁਕਾਉਣ ਲਈ ਮਜਬੂਰ ਕਰ ਦਿੱਤਾ।

**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥**

**(ਮਲਾਰ ਰਵਿਦਾਸ ਜੀ, ਪੰਨਾ ੧੨੯੩)**

ਭਗਤ ਰਵਿਦਾਸ ਜੀ ਇਸ ਤੱਥ ਨੂੰ ਭਲੀ ਪ੍ਰਕਾਰ ਸਮਝਦੇ ਹਨ ਕਿ ਦਲਿਤ-ਵਰਗਾਂ ਦੀ ਰੋਗੀ ਚੇਤਨਾ ਨੂੰ ਅਰੋਗ ਕੀਤੇ ਬਗੈਰ, ਸੁੱਚੀਆਂ ਕਦਰਾਂ-ਕੀਮਤਾਂ ਵਾਲੇ ਮਾਨਵ-ਸਮਾਜ ਦਾ ਨਿਰਮਾਣ ਕਾਰਜ ਹੋ ਹੀ ਨਹੀਂ ਸਕਦਾ। ਏਸੇ ਲਈ ਉਨ੍ਹਾਂ ਨੇ ਆਪਣੀ ਬਾਣੀ ਵਿਚ ਦਲਿਤ-ਚੇਤਨਾ ਦੇ ਕਾਰਜ ਨੂੰ ਪ੍ਰਥਮਤਾ ਦਿੱਤੀ।

ਏਥੇ 'ਦਲਿਤ-ਚੇਤਨਾ' ਬਾਰੇ ਵੀ ਸੰਖਿਪਤ ਚਰਚਾ ਕਰਨੀ ਤਰਕ ਸੰਗਤ ਲੱਗਦੀ ਹੈ ਤਾਂ ਜੋ ਇਸ ਦਾ ਮੰਤਵ-ਕਾਰਜ ਸਪੱਸ਼ਟ ਹੋ ਸਕੇ। ਮੇਰੇ ਵਿਚਾਰ ਅਨੁਸਾਰ 'ਦਲਿਤ-ਚੇਤਨਾ' ਦਾ ਮੁੱਖ ਮੰਤਵ ਮਨੁੱਖ ਦੀ ਸਮਾਜਕ ਬਰਾਬਰੀ ਨੂੰ ਉਭਾਰਨਾ ਅਤੇ ਮਾਨਵ-ਵੰਡ ਨੂੰ ਨਕਾਰਨਾ ਹੈ। ਦਲਿਤ ਚੇਤਨਾ ਦਾ ਆਸ਼ਾ, ਅਤੀਤਮੁਖੀ ਨਹੀਂ, ਭਵਿੱਖਮੁਖੀ ਹੋਇਆ ਕਰਦਾ ਹੈ। ਇਹ ਮਾਨਵ-ਚੇਤਨਾ ਵਿਚੋਂ ਹੀਨ-ਭਾਵਨਾ ਨੂੰ ਮਿਟਾ ਕੇ, ਸੱਚ ਦੇ ਰੂਪ ਵਿਚ ਸ੍ਵੈਮਨ ਨੂੰ ਜਗਾ ਕੇ ਚੰਗੇਰੇ ਜੀਵਨ-ਮੁੱਲਾਂ ਨੂੰ ਤਲਾਸ਼ ਕਰਨ ਵਿਚ ਸਦਾ ਤਤਪਰ ਰਹਿੰਦੀ ਹੈ।

ਦਲਿਤ ਚੇਤਨਾ, ਹਾਰੇ ਹੋਏ ਮਨੁੱਖ ਨੂੰ ਸ਼ਕਤੀ ਪ੍ਰਦਾਨ ਕਰਕੇ ਉਸ ਦੇ ਅੰਦਰਲੇ ਸੱਚ ਨੂੰ ਉਜਾਗਰ ਕਰਦਿਆਂ ਉਸ ਨੂੰ ਸੱਚ ਦੀ ਪ੍ਰਾਪਤੀ ਹਿਤ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪ੍ਰੇਰਨਾ ਦਿੰਦੀ ਹੈ। ਇਥੇ 'ਦਲਿਤ' ਸ਼ਬਦ ਦੇ ਅਰਥ ਸਮਝਣੇ ਵੀ ਜ਼ਰੂਰੀ ਲੱਗਦੇ ਹਨ। 'ਦਲਿਤ' ਸ਼ਬਦ ਕਿਸੇ ਜਾਤੀ ਵਿਸ਼ੇਸ਼ ਦੇ ਦੁੱਖ ਦਰਦ ਜਾਂ ਸਮਾਜਕ ਵਿਵਸਥਾ ਦੀ ਕਰੂਰਤਾ ਦਾ ਹੀ ਲਖਾਇਕ ਨਹੀਂ ਸਗੋਂ ਇਕ ਵਿਵਸਥਾ ਪ੍ਰਤੀ ਵਿਚਾਰਧਾਰਕ ਅੰਦੋਲਨ ਦੇ ਸਰੂਪ ਨੂੰ ਵੀ ਨਿਸ਼ਚਿਤ ਕਰਦਾ ਹੈ। ਸੰਤ ਸਾਹਿਤ ਦੇ ਪ੍ਰਸਿੱਧ ਵਿਦਵਾਨ ਡਾ. ਮੈਨੇਜਰ ਪਾਂਡੇ ਠੀਕ ਹੀ ਆਖਦੇ ਹਨ ਕਿ -

**ਅਗਰ ਦਲਿਤ ਕਾ ਅਰਥ ਗੁਲਾਮੀ ਕੀ ਸਥਿਤੀ ਮੇਂ**
**ਰਹਿਨੇ ਵਾਲੋਂ ਸੇ ਹੀ ਹੋਤਾ**
**ਤੋ ਉਸ ਮੇਂ ਗਾਂਧੀ ਜੀ ਕੇ ਹਰੀਜਨ,**
**ਇਸ ਦੇਸ਼ ਕੇ ਆਦਿਵਾਸੀ ਔਰ**
**ਇਸਤਰੀਆਂ ਸਭੀ ਸ਼ਾਮਿਲ ਹੋ ਜਾਤੀ ਹੈਂ,**
**ਲੇਕਨ ਜਬ ਮੈਂ 'ਦਲਿਤ' ਸ਼ਬਦ ਕਾ**
**ਪ੍ਰਯੋਗ ਕਰਤਾ ਹੂੰ ਤੋ ਮੇਰੇ ਧਯਾਨ ਮੇਂ ਦਲਿਤ**
**ਵੋਹ ਲੋਗ ਹੈਂ ਜਿਨ੍ਹੇਂ ਭਾਰਤ**
**ਵਰਣ-ਵਿਵਸਥਾ ਮੇਂ ਦਲਿਤ ਕਹਾ ਜਾਤਾ ਹੈ,**
**ਸਮਾਜ ਮੇਂ ਅਛੂਤ ਮਾਨਾ ਜਾਤਾ ਹੈ।**

ਦਰਅਸਲ ਭਾਰਤੀ ਸਮਾਜ ਦਾ ਤਾਣਾ-ਪੇਟਾ ਕੁਝ ਇਸ ਤਰ੍ਹਾਂ ਦਾ ਬੁਣਿਆ ਹੋਇਆ ਹੈ ਜਿਥੇ ਅਖੌਤੀ ਨੀਵੀਂ ਜਾਤ ਦਾ ਮਨੁੱਖ, ਮਾਨਵ ਸਮਾਜ ਦੇ ਹਰ ਖੇਤਰ ਵਿਚ ਮਾਨਸਕ ਯਾਤਨਾਵਾਂ ਅਤੇ ਆਰਥਕ ਥੋੜ੍ਹਾਂ ਕਾਰਨ ਅਜਿਹੀ ਕਿਸਮ ਦੀ ਭਿਆਨਕ ਦਸ਼ਾ ਵਾਲਾ ਜੀਵਨ ਜਿਊਂਦਾ ਸੀ ਜੋ ਆਮ ਪੀੜਤ ਮਨੁੱਖ ਨਾਲੋਂ ਵੱਖਰੀ ਕਿਸਮ ਦਾ ਸੀ। ਉਹ ਇਕ ਅਜਿਹਾ ਦਲਿਆ ਮਨੁੱਖ ਹੁੰਦਾ ਸੀ ਤੇ ਹੈ ਜੋ ਹਰ ਪੱਧਰ 'ਤੇ ਅਣਗੌਲਿਆ ਰਹਿੰਦਾ। ਮੇਰੀ ਜਾਚੇ ਅਜਿਹਾ ਮਨੁੱਖ ਹੀ 'ਦਲਿਤ' ਹੈ।

ਆਦਿ ਕਾਲ ਵਿਚ ਵਰਣ-ਵਿਵਸਥਾ ਮਾਨਵ-ਘਿਰਣਾ ਪੈਦਾ ਕਰਨ ਵਾਲੀ ਨਹੀਂ ਸੀ ਸਗੋਂ ਇਸ ਦਾ ਆਰੰਭ ਸਮਾਜਕ ਭਲਾਈ ਅਤੇ ਕਿੱਤਾ-ਨਿਪੁੰਨਤਾ ਨੂੰ ਸਨਮੁਖ ਰੱਖ ਕੇ ਕੀਤਾ ਗਿਆ ਸੀ। ਪਰ ਸਮਾਂ ਬੀਤਣ 'ਤੇ ਪੁਜਾਰੀ ਅਤੇ ਹਾਕਮ ਵਰਗ ਦੀ ਖ਼ੁਦਗਰਜ਼ੀ, ਲੋਭ, ਲਾਲਚ ਅਤੇ ਆਕੜ ਨੇ ਇਸ ਸੰਸਥਾ ਨੂੰ ਦੂਸ਼ਿਤ ਕਰ ਦਿੱਤਾ। ਵਿੱਦਿਆ ਆਡੰਬਰ, ਆਰਥਕ ਲੁੱਟ-ਖੋਹ, ਦੂਸ਼ਤ ਅਣਮਨੁੱਖੀ ਸਮਾਜਕ ਵਰਤਾਰਾ, ਅਨੈਤਿਕ ਜੀਵਨ ਮੁੱਲ ਸਮਾਜ ਵਿਚ ਪੱਕੇ ਪੈਰੀਂ ਸਥਾਪਤ ਹੋ ਗਏ ਜਿਸ ਦੇ ਫਲਸਰੂਪ ਮਾਨਵ ਜੀਵਨ ਦੇ ਵਿਕਾਸਮਈ ਮੁੱਲਾਂ ਦੇ ਅਰਥ ਹੀ ਗੁਆਚ ਗਏ। ਉਚ-ਨੀਚ ਤੇ ਜਾਤੀਵਾਦ ਦੀ ਲਹਿਰ ਨੇ ਮਾਨਵ-ਸਮਾਜ ਦੀ ਚਿੱਟੀ ਚਾਦਰ ਲਹੂ-ਲੁਹਾਨ ਕਰ ਦਿੱਤੀ। ਇਥੋਂ ਤੱਕ ਕਿ ਧਰਮ-ਕਰਮ ਇਕ ਵਿਸ਼ੇਸ਼ ਵਰਗ ਦੀ ਅਜ਼ਾਰੇਦਾਰੀ ਬਣ ਕੇ ਰਹਿ ਗਿਆ ਅਤੇ ਹਕੂਮਤ 'ਤੇ ਕਬਜ਼ਾ, ਖੱਤਰੀਆਂ ਦਾ ਹੋ ਗਿਆ। ਇਸ ਵਿਵਸਥਾ ਵਿਚ ਸ਼ੂਦਰ ਅਥਵਾ ਦਲਿਤ ਪੂਰੀ ਤਰ੍ਹਾਂ ਅਣਫਿੱਟ ਸੀ। ਭਗਤ ਰਵਿਦਾਸ ਜੀ ਨੇ ਸਮਾਜ ਵਿਚ ਫੈਲੀ ਇਸ ਵਿਵਸਥਾ ਨੂੰ ਪਹਿਲਾਂ ਚੰਗੀ ਤਰ੍ਹਾਂ ਸਮਝਿਆ, ਵਿਚਾਰਿਆ ਅਤੇ ਫੇਰ ਇਸ ਦਾ ਸਮਾਧਾਨ ਪ੍ਰਸਤੁਤ ਕੀਤਾ।

ਦਲਿਤ-ਚੇਤਨਾ ਦੇ ਪ੍ਰਸੰਗ ਵਿਚ ਭਗਤ ਰਵਿਦਾਸ ਜੀ ਦਾ ਪਹਿਲਾ ਕਾਰਜ ਸੀ ਮਾਨਵ-ਚੇਤਨਾ ਵਿਚ ਅਧਿਆਤਮਕ ਪੱਧਰ 'ਤੇ ਸ੍ਵੈ-ਚੇਤਨਾ ਦਾ ਉਭਾਰ ਪੈਦਾ ਕਰਨਾ ਅਤੇ ਉਨ੍ਹਾਂ ਦੀ ਪਤਨਮੁਖੀ ਚੇਤਨਾ ਨੂੰ ਜਾਗਰਿਕ ਕਰਨਾ। ਨਿਰਸੰਦੇਹ ਭਗਤ ਰਵਿਦਾਸ ਜੀ ਦਾ ਭਾਈਚਾਰਾ, ਇਕ ਅਜਿਹੇ ਗੰਧਲੇ ਮਾਹੌਲ ਵਿਚ ਰਹਿੰਦਾ ਸੀ ਜੋ ਮਰੇ ਹੋਏ ਪਸ਼ੂਆਂ ਨੂੰ ਢੋਣ ਦੀ ਕਾਰ ਕਰਦੇ ਸਨ। ਹਾਕਮਾਂ ਦੀ ਵਗਾਰ ਕਰਨੀ ਅਤੇ ਪੁਜਾਰੀਆਂ ਦੀ ਫਿਟਕਾਰ ਸਹਿਣੀ ਇਸ ਵਰਗ ਦਾ ਨਿੱਤ-ਕਰਮ ਸੀ। ਅਜਿਹੇ ਕਸ਼ਟ ਭਰੇ ਮਾਹੌਲ ਵਿਚ ਕਿਸੇ ਵਿਅਕਤੀ ਵੱਲੋਂ ਵਿਕਾਸ-ਮਾਰਗ 'ਤੇ ਤੁਰਨ ਦਾ ਹੌਂਸਲਾ ਕਰਨਾ ਬੜਾ ਕਠਨ ਕਾਰਜ ਹੈ, ਕ੍ਰਿਆਤਮਕ ਕਾਰਜ ਕਰਨ ਦੀ ਗੱਲ ਤਾਂ ਸੋਚੀ ਵੀ ਨਹੀਂ ਜਾ ਸਕਦੀ।

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥**
**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥**

**(ਮਲਾਰ ਰਵਿਦਾਸ ਜੀ, ਪੰਨਾ ੧੨੯੩)**

ਪਰ ਇਹ ਚਮਤਕਾਰ ਕਰ ਵਿਖਾਇਆ ਰਵਿਦਾਸ ਜੀ ਨੇ ਹਾਕਮ ਜਮਾਤ ਤੋਂ ਨਿਰਭਉ ਹੋ ਕੇ ਅਤੇ ਪੁਜਾਰੀਆਂ ਦੇ ਫਤਵਿਆਂ ਤੋਂ ਪਿੱਠ ਕਰਕੇ ਆਪਣੀ ਅੰਮ੍ਰਿਤਮਈ ਬਾਣੀ ਦੇ ਇਨ੍ਹਾਂ ਬੋਲਾਂ ਨਾਲ ਕਿ :

**ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥**

**(ਸੋਰਠਿ ਰਵਿਦਾਸ ਜੀ, ਪੰਨਾ ੬੫੮)**

ਭਾਵ ਜਦੋਂ ਹਰ ਪ੍ਰਾਣੀ ਵਿਚ ਉਹ ਇਕੋ ਇਕ ਪਰਮਾਤਮਾ ਆਪ ਵਿਦਮਾਨ ਹੈ ਅਤੇ ਉਸ ਨੂੰ ਆਪ ਹੀ ਭੋਗ ਰਿਹਾ ਹੈ ਤਾਂ ਫਿਰ ਮਾਨਵ-ਅੰਤਰ ਪਾੜ ਕੈਸਾ? ਇਥੋਂ ਤਕ ਆਪ ਜੀ ਨੇ ਪਰਮਾਤਮਾ ਨੂੰ ਸੰਬੋਧਤ

ਹੁੰਦੇ ਆਖਿਆ :

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥**

**ਕਨਕ ਕਟਿਕ ਜਲ ਤਰੰਗ ਜੈਸਾ॥**

**(ਸਿਰੀਰਾਗੁ, ਰਵਿਦਾਸ ਜੀ, ਪੰਨਾ ੯੩)**

ਭਾਵ – ਹੇ ਪ੍ਰਭੂ ! ਜਦੋਂ ਤੇਰੇ ਤੇ ਮੇਰੇ ਵਿਚਕਾਰ ਕੋਈ ਅੰਤਰ ਨਹੀਂ ਹੈ ਤਾਂ ਮਨੁੱਖ ਦੇ ਬਣਾਏ ਹੋਏ ਇਸ ਅੰਤਰ (ਵਰਣ-ਵੰਡ) ਦੀ ਕੀ ਸਾਰਥਕਤਾ ਰਹਿ ਜਾਂਦੀ ਹੈ? ਭਗਤ ਰਵਿਦਾਸ ਜੀ ਦੀ ਇਸ ਪਹੁੰਚ ਵਿਧੀ ਨੇ ਪ੍ਰਭੂ-ਭਗਤੀ ਦੇ ਕਿਵਾੜ ਹਰੇਕ ਵਿਅਕਤੀ ਲਈ ਖੋਲ੍ਹ ਦਿੱਤੇ ਅਤੇ ਲੋਕ-ਮਾਨਸ ਦੀ ਚੇਤਨਾ ਵਿਚ ਇਹ ਸਿਧਾਂਤ ਦ੍ਰਿੜ੍ਹ ਕਰ ਦਿੱਤਾ ਕਿ ਪਰਮਾਤਮਾ ਕੇਵਲ ਤੇ ਕੇਵਲ ਇਕ ਹੈ। ਉਹੋ ਸਭ ਦਾ ਸਿਰਜਨਹਾਰ, ਪਾਲਨਹਾਰ ਤੇ ਸੰਘਾਰਨਹਾਰ ਹੈ। ਉਸ ਪਰਮਾਤਮਾਂ ਦੀਆਂ ਨਜ਼ਰਾਂ ਵਿਚ ਵਰਣ-ਵੰਡ, ਧਰਮ-ਵੰਡ, ਸ਼੍ਰੇਣੀ-ਵੰਡ, ਲਿੰਗ ਭੇਦ ਵੰਡ ਆਦਿ ਕੋਈ ਕੀਮਤ ਨਹੀਂ ਰੱਖਦੀਆਂ। ਉਸ ਪਰਮਾਤਮਾਂ ਦੇ ਰੂਪ ਅਨੇਕ ਹੋ ਸਕਦੇ ਹਨ, ਨਾਮ ਅਨੇਕ ਹੋ ਸਕਦੇ ਹਨ ਪਰ ਉਸ ਦੀ ਪਰਮਜੋਤਿ ਇਕੋ ਇਕ ਹੈ। ਧਰਮ-ਖੇਤਰ ਵਿਚ ਭਗਤ ਰਵਿਦਾਸ ਜੀ ਦਾ ਇਹ ਅਜਿਹਾ ਪੈਂਤੜਾ ਸੀ ਜਿਸ ਨੇ ਵੱਡੇ-ਵੱਡੇ ਪੰਡਤਾਂ ਦੇ ਸਿਰ ਝੁਕਾ ਦਿੱਤੇ।

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਚ ਗਲਤਾਨ ਮਨੁੱਖਾਂ ਨੂੰ ਸਿੱਧੇ ਰਾਹ 'ਤੇ ਲਿਆਉਣ ਲਈ ਆਪ ਦਾ ਸੰਦੇਸ਼ ਸੀ :

**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥**

**ਪੰਚ ਦੋਖ ਅਸਾਧ ਜਾ ਮਹਿ ਤਾਕੀ ਕੇਤਕ ਆਸ॥**

**(ਆਸਾ ਰਵਿਦਾਸ ਜੀ, ਪੰਨਾ ੪੮੬)**

ਦਿਨ ਰਾਤ ਧਨ-ਸੰਪਤੀ ਇਕੱਤਰ ਕਰਨ ਲਈ ਹਰ ਪ੍ਰਕਾਰ ਦੇ ਉਚਿਤ ਅਨਉਚਿਤ ਢੰਗ ਵਰਤਣ ਵਾਲੇ ਮਨੁੱਖ ਨੂੰ ਆਪ ਜੀ ਸੁਚੇਤ ਕਰਦੇ ਹਨ :

**ਸੰਪਤਿ ਬਿਪਤਿ ਪਟਲ ਮਾਇਆ ਧਨੁ॥**

**ਤਾ ਮਹਿ ਮਗਨ ਹੋਤ ਨ ਤੇਰੋ ਜਨੁ॥**

**(ਆਸਾ ਰਵਿਦਾਸ ਜੀ, ਪੰਨਾ ੪੮੭)**

ਭਗਤ ਰਵਿਦਾਸ ਜੀ ਦੀਆਂ ਨਜ਼ਰਾਂ ਵਿਚ ਪਰਮਾਤਮਾ ਨੂੰ ਖ਼ੁਸ਼ ਕਰਨ ਲਈ ਫੋਕੇ ਕਰਮਕਾਂਡ ਕਰਨ ਦੀ ਜੁਗਤ ਅਤੇ ਉਸ ਨੂੰ ਸੰਸਾਰੀ ਪਦਾਰਥ ਭੇਟ ਕਰਨ ਦੀਆਂ ਪੂਜਾ-ਪੱਧਤੀਆਂ ਕੋਈ ਸਾਰਥਕਤਾ ਨਹੀਂ ਰੱਖਦੀਆਂ ਕਿਉਂਕਿ ਇਨ੍ਹਾਂ ਨੂੰ ਵੱਖ-ਵੱਖ ਪੱਧਰਾਂ 'ਤੇ ਪਹਿਲਾਂ ਝੂਠਾ ਕਰ ਦਿੱਤਾ ਹੁੰਦਾ ਹੈ। ਸੱਚੀ-ਸੁੱਚੀ ਵਸਤ ਜੋ ਉਸ ਪਰਮਾਤਮਾਂ ਨੂੰ ਖ਼ੁਸ਼ ਕਰ ਸਕਦੀ ਹੈ ਉਹ ਹੈ ਕੇਵਲ ਉਸ ਨਾਲ ਕੀਤੀ ਜਾਣ ਵਾਲੀ ਸੱਚੀ-ਸੁੱਚੀ ਪ੍ਰੀਤ। ਏਸੇ ਲਈ ਭਗਤ ਰਵਿਦਾਸ ਜੀ ਸੱਚੀ ਪ੍ਰੀਤ ਦੀ ਗੱਲ ਕਰਦੇ ਹਨ :

**ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ॥**

**ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ (ਸੋਰਠਿ ਰਵਿਦਾਸ ਜੀ, ਪੰਨਾ ੬੫੯)**

ਭਗਤ ਰਵਿਦਾਸ ਜੀ ਪ੍ਰੇਮ-ਜੁਗਤ ਨੂੰ ਬਹੁਤ ਹੀ ਮਹੱਤਤਾ ਦਿੰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਪ੍ਰੇਮ-ਭਗਤ ਇਕ ਐਸਾ ਬੰਧਨ ਹੈ ਜੋ ਪਰਮਾਤਮਾ ਨੂੰ ਵੀ ਵੱਸ ਕਰ ਲੈਂਦਾ ਹੈ :

**ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥**

**ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥**

**(ਸੋਰਠਿ ਰਵਿਦਾਸ ਜੀ, ਪੰਨਾ ੬੫੮)**

ਇਸ ਸੰਸਾਰ ਵਿਚ ਪੈਦਾ ਹੋਏ ਫਾਨੀ ਮਨੁੱਖ ਨੂੰ ਆਪ ਜੀ ਸਾਵਧਾਨ ਕਰਦੇ ਹਨ ਕਿ ਜਿਹੜੇ ਤੂੰ ਉੱਚੇ ਮਹਿਲ ਮਾੜੀਆਂ ਉਸਾਰੇ ਹੋਏ ਹਨ, ਇਨ੍ਹਾਂ ਦੀ ਪ੍ਰਾਪਤੀ ਖਾਤਰ ਹਰ ਪ੍ਰਕਾਰ ਦੇ ਅਨਉਚਿਤ ਢੰਗ ਵਰਤੇ ਹਨ ਅਤੇ ਆਪਣੀਆਂ ਮਨਮਾਨੀਆਂ ਪੁਗਾਉਣ ਲਈ ਕੋਈ ਵੀ ਅਨੈਤਿਕ ਕਰਮ ਕਰਨ ਤੋਂ ਝਿਜਕ ਨਹੀਂ ਵਿਖਾਈ, ਸੱਚ ਤਾਂ ਇਹ ਹੈ ਕਿ ਇਹ ਸਭ ਕੁਝ ਇਥੇ ਹੀ ਰਹਿ ਜਾਣਾ ਹੈ, ਮਨੁੱਖ ਦੇ ਨਾਲ ਨਹੀਂ ਜਾਣਾ :

**ਊਚੇ ਮੰਦਰ ਸਾਲ ਰਸੋਈ॥**

**ਏਕ ਘਰੀ ਫੁਨਿ ਰਹਨੁ ਨ ਹੋਈ॥**

**(ਸੂਹੀ ਰਵਿਦਾਸ ਜੀ, ਪੰਨਾ ੭੯੪)**

ਕਿਉਂਕਿ ਵਾਸਤਵ ਵਿਚ ਹਰ ਇਨਸਾਨ ਇਸ ਸੰਸਾਰ ਵਿਚ ਇਕ ਸੀਮਤ ਆਯੂ ਲੈ ਕੇ ਪੈਦਾ ਹੁੰਦਾ ਹੈ ਅਤੇ ਇਕ ਮੁਸਾਫਰ ਵਾਂਗ, ਆਪਣੀ ਉਮਰ ਭੋਗ ਕੇ ਇਸ ਸੰਸਾਰ ਰੂਪੀ ਸਰਾਂ ਨੂੰ ਖਾਲੀ ਕਰ ਜਾਂਦਾ ਹੈ :

**ਪ੍ਰਾਨੀ ਕਿਆ ਮੇਰਾ ਕਿਆ ਤੇਰਾ॥**

**ਜੈਸੇ ਤਰਵਰ ਪੰਖਿ ਬਸੇਰਾ॥**

**(ਸੋਰਠਿ ਰਵਿਦਾਸ ਜੀ, ਪੰਨਾ ੬੫੯)**

ਏਸੇ ਲਈ ਆਪ ਜੀ ਇਸ ਮਨੁੱਖਾ ਜਨਮ ਨੂੰ ਦੁਲੱਭ ਆਖਦਿਆਂ ਮਨੁੱਖ ਨੂੰ ਸਾਵਧਾਨ ਕਰਦੇ ਹਨ :

**ਕਿਆ ਤੂ ਸੋਇਆ ਜਾਗੁ ਇਆਨਾ॥**

**ਤੈ ਜੀਵਨੁ ਜਗਿ ਸਚੁ ਕਰਿ ਜਾਨਾ॥**

**(ਸੂਹੀ ਰਵਿਦਾਸ ਜੀ, ਪੰਨਾ ੭੯੪)**

ਦਲਿਤ-ਚੇਤਨਾ ਦੇ ਪ੍ਰਸੰਗ ਵਿਚ ਭਗਤ ਰਵਿਦਾਸ ਜੀ ਵੱਲੋਂ ਆਪਣੀ ਬਾਣੀ ਵਿਚ ਪ੍ਰਸਤੁਤ ਕੀਤਾ ਗਿਆ 'ਬੇਗਮ ਪੁਰਾ ਸਹਰ ਕੋ ਨਾਉ' (ਗਉੜੀ ਰਵਿਦਾਸ ਜੀ, ਪੰਨਾ ੩੪੫) ਦਾ ਸੰਕਲਪ ਅੱਜ ਵੀ ਸਮੁੱਚੇ ਵਿਸ਼ਵ ਨੂੰ ਪਿਆਰ-ਭਰੀਆਂ ਗਲਵਕੜੀਆਂ ਪਾਉਣ ਦੇ ਸਮਰੱਥ ਹੋ ਸਕਦਾ ਹੈ, ਜੇਕਰ ਇਸ ਦੀ ਮੂਲ ਭਾਵਨਾ ਸਮਝ ਕੇ ਇਸ ਉਪਰ ਅਮਲ ਕੀਤਾ ਜਾਵੇ।

ਇਸ ਤਰ੍ਹਾਂ ਭਗਤ ਰਵਿਦਾਸ ਬਾਣੀ ਦਾ ਦਲਿਤ ਪ੍ਰਸੰਗ ਉਸ ਮਾਨਵ-ਸਮਾਜ ਦੀ ਆਧਾਰਸ਼ਿਲਾ ਰੱਖਦਾ ਹੈ ਜਿਥੇ ਧਰਮ-ਵੰਡ, ਵਰਣ-ਵੰਡ, ਸ਼੍ਰੇਣੀ-ਵੰਡ, ਨਸਲ-ਵੰਡ ਆਦਿ ਲਈ ਕੋਈ ਥਾਂ ਨਹੀਂ। ਆਪ ਜੀ ਦੀ ਸਮੁੱਚੀ ਬਾਣੀ ਵਿਚ ਇਕ ਵੀ ਅਜਿਹਾ ਸ਼ਬਦ ਪ੍ਰਾਪਤ ਨਹੀਂ ਹੁੰਦਾ ਜੋ ਕਿਸੇ ਵੀ ਪ੍ਰਾਣੀ ਦੇ ਮਨ ਮੰਦਰ ਨੂੰ ਠੇਸ ਪਹੁੰਚਾਉਣ ਦਾ ਕਾਰਨ ਬਣ ਸਕਦਾ ਹੋਵੇ। ਏਥੋਂ ਤਕ ਕਿ ਇਹ ਉਸ ਮਾਣ-ਮੱਤੇ ਵਰਗ ਨੂੰ ਵੀ ਪ੍ਰੇਮਮਈ ਬੋਲਾਂ ਨਾਲ ਸੰਬੰਧਿਤ ਹੁੰਦੇ ਹਨ ਜਿਨ੍ਹਾਂ ਦੀਆਂ ਸੰਕੀਰਨ ਰੁਚੀਆਂ ਕਾਰਨ ਦਲਿਤ ਵਰਗ ਨੂੰ ਸੰਤਾਪ ਭੋਗਣਾ ਪਿਆ। ਆਪ ਜੀ ਦੀ ਬਾਣੀ ਦਾ ਦਲਿਤ ਪ੍ਰਸੰਗ, ਮਾਨਵ-ਚੇਤਨਾ ਵਿਚ ਸ੍ਵੈਮਾਨ ਦਾ ਅਹਿਸਾਸ ਜਗਾ ਕੇ ਮਾਨਵ-ਭਾਈਚਾਰੇ ਨੂੰ ਪ੍ਰੇਮ-ਬੰਧਨ ਵਿਚ ਜੋੜਨ ਦਾ ਕਾਰਜ ਕਰਦਾ ਹੈ।

ਆਪ ਜੀ ਦੀ ਬਾਣੀ ਵਿਚਲੀ ਪ੍ਰੇਮ-ਬੰਧਨ ਵਾਲੀ ਜੁਗਤ, ਅੱਜ ਵੀ ਮਾਨਵ-ਜੀਵਨ ਵਿਚ ਧਾਰਨ ਕਰਨ ਦੀ ਅਤਿਅੰਤ ਲੋੜ ਹੈ। ਅਜਿਹਾ ਕਰਨ ਨਾਲ ਹੀ ਵਿਸ਼ਵੀਕਰਨ ਦੇ ਅਜੋਕੇ ਯੁੱਗ ਵਿਚ ਨਿੱਜ ਲਾਭਾਂ ਲਈ ਵੱਡੀਆਂ-ਵੱਡੀਆਂ ਪੁਲਾਂਘਾਂ ਪੁੱਟਣ ਲਈ ਮਾਨਵ-ਸੋਚ ਨੂੰ ਠੱਲ੍ਹ ਪਾਈ ਜਾ ਸਕਦੀ ਹੈ।

# ਸਾਕਾ ਸ੍ਰੀ ਨਨਕਾਣਾ ਸਾਹਿਬ

**ਪਾਂਧੀ ਨਨਕਾਣਵੀ**



ਸਾਕਾ ਸ੍ਰੀ ਨਨਕਾਣਾ ਸਾਹਿਬ ਫਰਵਰੀ, ੧੯੨੧ ਈ. ਨੂੰ ਗੁਰਦੁਆਰਾ ਜਨਮ ਅਸਥਾਨ ਅੰਦਰ ਵਾਪਰਿਆ। ਭਾਈ ਲਛਮਣ ਸਿੰਘ 'ਧਾਰੋਵਾਲੀ' ਕੋਈ ਦੋ ਕੁ ਸੌ ਸਿੰਘਾਂ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਅੰਦਰ ਪੁੱਜਿਆ। ਮਨਸ਼ਾ ਗੁਰਦੁਆਰਾ ਜਨਮ ਅਸਥਾਨ ਨੂੰ ਬਦਮਾਸ਼ ਤੇ ਅਯਾਸ਼ ਮਹੰਤ ਦੇ ਕਬਜ਼ੇ 'ਚੋਂ ਛੁਡਵਾਉਣ ਅਤੇ ਪਵਿੱਤਰਤਾ ਨੂੰ ਬਹਾਲ ਕਰਨਾ। ਪਰੰਤੂ ਮਹੰਤ ਨਰਾਇਣ ਦਾਸ ਨੇ ਮਿਸਟਰ ਕਰੀ, (ਡੀ.ਸੀ.) ਅਤੇ ਮਿ. ਕਿੰਗ (ਕਮਿਸ਼ਨਰ ਲਾਹੌਰ ਡਿਵੀਜ਼ਨ) ਦੀ ਸ਼ਹਿ 'ਤੇ, ਜਨਮ-ਅਸਥਾਨ ਅੰਦਰ ਪੁੱਜੇ ਗੁਰਸਿੱਖਾਂ ਦਾ ਗੋਲੀਆਂ ਨਾਲ ਸਵਾਗਤ ਕੀਤਾ ਤੇ ਕੁਝ ਸਮੇਂ ਵਿਚ ਹੀ ਪਵਿੱਤਰ ਜਨਮ-ਅਸਥਾਨ ਦੀ ਧਰਤੀ ਨੂੰ ਕਰਬਲਾ ਦਾ ਮੈਦਾਨ ਬਣਾ ਕੇ ਰੱਖ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੀਨਾ ਵੀ ਗੋਲੀਆਂ ਨਾਲ ਛਲਣੀ-ਛਲਣੀ ਕੀਤਾ ਗਿਆ, ਅਤੇ ਜਥੇ ਦੇ ਜਥੇਦਾਰ, ਭਾਈ ਲਛਮਣ ਸਿੰਘ ਨੂੰ, ਦਰਬਾਰ ਸਾਹਿਬ ਦੇ ਪਿਛਵਾੜੇ ਜੰਡ ਦੇ ਦਰਖ਼ਤ ਨਾਲ ਟੰਗ ਕੇ, ਤੇ ਤੇਲ ਪਾ ਕੇ ਜਿਊਂਦਾ ਹੀ ਸਾੜ ਦਿੱਤਾ। ਮਹੰਤ ਨਰਾਇਣ ਦਾਸ ਦੇ ਜ਼ਰਖ਼ਰੀਦ ਬਦਮਾਸ਼ਾਂ ਤੇ ਪਠਾਣਾਂ ਨੇ ਨਿਹੱਥੇ ਅਤੇ 'ਅਰਦਾਸ' ਵਿਚ ਕੀਤੇ ਪ੍ਰਣ ਨਾਲ ਬੱਝੇ ਸੂਰਬੀਰ, ਤੇ ਨੌਜਵਾਨ ਸਿੰਘਾਂ ਦੇ ਜੀਅ-ਭਰ ਕੇ ਮੋਛੇ ਲਾਹੇ, ਤੇ ਵੱਡੇ ਵੱਡੇ ਭੱਠ ਬਾਲ ਕੇ, ਉਹਨਾਂ ਦੀਆਂ ਦੇਹਾਂ ਦੇ ਅੰਗਾਂ ਨੂੰ ਸਾੜ ਕੇ ਇਸ 'ਕਤਲੇ-ਆਮ' ਦਾ ਨਾਮੋ ਨਿਸ਼ਾਨ ਮਿਟਾਉਣ ਦੇ ਅਸਫਲ ਯਤਨ ਕੀਤੇ।

ਸਮੁੱਚੇ ਦੇਸ਼, ਵਿਸ਼ੇਸ਼ ਕਰਕੇ ਸਿੱਖ ਜਗਤ ਵਿਚ ਹਾ-ਹਾ ਕਾਰ ਮੱਚ ਗਈ, ਤੇ ਕਈ ਹਜ਼ਾਰਾਂ ਸਿੱਖ ਸ੍ਰੀ ਨਨਕਾਣਾ ਸਾਹਿਬ ਪੁੱਜ ਗਏ। ਸਪੱਸ਼ਟ ਸੀ ਕਿ ਇਤਨਾ ਕਹਿਰ ਇਕੱਲਾ ਮਹੰਤ ਨਹੀਂ ਸੀ ਕਰ ਸਕਦਾ, ਇਸ ਵਿਚ ਅੰਗਰੇਜ਼ ਹਾਕਮਾਂ ਦੀ ਮਿਲੀ-ਭੁਗਤ ਕੰਮ ਕਰਦੀ ਸੀ। ਪਹਿਲਾਂ ਹਾਕਮਾਂ ਨੇ ਗੁਰਦੁਆਰਾ ਜਨਮ-ਅਸਥਾਨ ਫੌਜ ਦੇ ਹਵਾਲੇ ਕਰ ਦਿੱਤਾ। ਬਾਅਦ ਵਿਚ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਭਾਈ ਕਰਤਾਰ ਸਿੰਘ 'ਝੱਬਰ' ਦੇ ਲਲਕਾਰਨ ਉਪਰੰਤ ਸਿੱਖ-ਪੰਥ ਦੇ ਹਵਾਲੇ ਕਰ ਦਿੱਤੀਆਂ। ੨੦ ਫਰਵਰੀ ਦੀ ਰਾਤ ਨੂੰ ਹੀ ਸਿੱਖਾਂ ਵਰਗੀ ਸਿੱਧੜ ਕੌਮ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਆਪਣੇ ਚਹੇਤੇ ਮਹੰਤ, ਹਰੀ ਨਾਥ ਸਾਧ ਤੇ ੨੬ ਪਠਾਣਾਂ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਦੀ ਸੈਂਟਰਲ ਜੇਲ੍ਹ ਭਿਜਵਾ ਦਿੱਤਾ ਗਿਆ ਤਾਂ ਜੋ ਸਿੱਖ-ਹਿਰਦਿਆਂ ਨੂੰ ਸ਼ਾਂਤ ਕੀਤਾ ਜਾ ਸਕੇ। ਦੇਸ਼ ਭਰ ਦੇ ਪ੍ਰਮੁੱਖ ਹਿੰਦੂ ਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਨੇ ਇਕ ਆਵਾਜ਼ ਹੋ ਕੇ ਅੰਗਰੇਜ਼ ਰਾਜ ਦੇ ਬਖ਼ੀਏ ਉਧੇੜੇ ਅਤੇ ਮੰਗ ਕੀਤੀ ਕਿ ਮਹੰਤ ਨਰਾਇਣ ਦਾਸ ਅਤੇ ਉਸ ਦੇ ਜ਼ਰਖ਼ਰੀਦ ਗੁੰਡਿਆਂ ਤੋਂ ਇਲਾਵਾ, ਮਿ. ਕਰੀ (ਡੀ.ਸੀ.) ਅਤੇ ਮਿ. ਕਿੰਗ (ਕਮਿਸ਼ਨਰ) ਉੱਤੇ ਵੀ ਮੁਕੱਦਮਾ ਚਲਾਇਆ ਜਾਏ, ਜਿਨ੍ਹਾਂ ਦੀ ਉਤੇਜਨਾ ਉੱਤੇ ਇਤਨਾ ਵੱਡਾ 'ਸਾਕਾ' ਵਰਤਿਆ ਸੀ।

੩ ਮਾਰਚ, ੧੯੨੧ ਨੂੰ ਮਹਾਤਮਾ ਗਾਂਧੀ ਵੀ ਸ੍ਰੀ ਨਨਕਾਣਾ ਸਾਹਿਬ ਪਹੁੰਚੇ। ਉਹ ਰੇਲਵੇ ਸਟੇਸ਼ਨ ਤੋਂ ਪੈਦਲ ਹੀ ਸੰਗਤਾਂ ਨਾਲ ਗੁਰਦੁਆਰਾ ਜਨਮ-ਅਸਥਾਨ ਪਹੁੰਚੇ। ਗੁਰੂ ਬਾਬੇ ਦੇ ਪਵਿੱਤਰ ਦਰਬਾਰ ਅੱਗੇ ਸੀਸ ਝੁਕਾਇਆ ਅਤੇ ਫਿਰ ਸਮੁੱਚੀ ਪ੍ਰਕਰਮਾ ਦਾ ਜਾਇਜ਼ਾ ਲਿਆ। ਫਰਸ਼ 'ਤੇ ਖ਼ੂਨ ਦੇ ਨਿਸ਼ਾਨ 'ਜੰਡ' ਦਾ ਧੁਆਂਖਿਆ ਹੋਇਆ ਤਨਾ, ਦਰਬਾਰ ਸਾਹਿਬ ਦੇ ਟੁੱਟੇ ਫੁੱਟੇ ਕਿਵਾੜ। ਫਿਰ ਸਜੇ ਹੋਏ ਦੀਵਾਨ ਵਿਚ ਬੋਲਦਿਆਂ ਹੋਇਆਂ ਆਪ ਨੇ ਸਾਕੇ ਨੂੰ 'ਡਾਇਰਸ਼ਾਹੀ ਦੀ ਦੂਜੀ ਐਡੀਸ਼ਨ' ਕਰਾਰ ਦਿੱਤਾ। ਆਪ ਨੇ ਆਪਣੇ ਭਾਸ਼ਣ ਵਿਚ ਹਾਕਮਾਂ ਪਾਸੋਂ ਪੁੱਛ ਕੀਤੀ ਕਿ ਜਦੋਂ ਮਹੰਤ ਜੱਥੇ ਦੇ ਸਿੱਖਾਂ ਨੂੰ ਮਾਰ-ਮੁਕਾਉਣ ਦੀ ਇਤਨੀ ਵੱਡੀ ਤਿਆਰੀ ਕਰ ਰਿਹਾ ਸੀ, ਤਾਂ ਹਾਕਮਾਂ ਨੇ ਕਿਉਂ ਨਾ ਮਹੰਤ ਦੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ? ਆਪ ਨੇ ਸਪੱਸ਼ਟ ਕਿਹਾ ਕਿ ਇਤਨਾ ਵੱਡਾ ਕਰਮ ਇਕੱਲਾ ਮਹੰਤ ਨਹੀਂ ਸੀ ਵਰਤਾ ਸਕਦਾ। ਇਹ ਸਭ ਹਾਕਮਾਂ ਦੀ ਮਿਲੀ-ਭੁਗਤ ਦਾ ਨਤੀਜਾ ਸੀ। ਸਿੱਖ ਅਕਾਲੀ ਇਹ ਮੰਗ ਕਰਦੇ ਰਹੇ ਸਨ ਕਿ ਇਸ ਸੰਬੰਧ ਵਿਚ ਦੋ ਮੁਕੱਦਮੇ ਬਣਾਏ ਜਾਣ- ਇਕ ਮਹੰਤ ਅਤੇ ਉਸ ਦੇ ਕਰਿੰਦੇ ਕਾਤਲਾਂ ਦੇ ਬਰਖ਼ਿਲਾਫ,

ਦੂਜਾ ਮਿ. ਕਰੀ ਅਤੇ ਮਿ. ਕਿੰਗ ਦੇ ਬਰਖ਼ਿਲਾਫ ਜਿਨ੍ਹਾਂ ਨੇ ਇਹ ਸਾਕਾ ਵਰਤਾਉਣ ਵਿਚ ਮਹੰਤ ਨਰਾਇਣ ਦਾਸ ਦੀ ਅੱਖਾਂ ਮੀਟ ਕੇ ਸਹਾਇਤਾ ਕੀਤੀ ਸੀ। ਇਸ ਰੋਲੇ-ਗੋਲੇ ਵਿਚ ਮਿ. ਕਰੀ ਨੂੰ ਤਾਂ ਛੁੱਟੀ ਦੇ ਦਿੱਤੀ ਗਈ। ਪਰੰਤੂ ਮਿ. ਕਿੰਗ ਨੂੰ ਅਦਾਲਤ ਦੇ ਕਟਿਹੜੇ ਵਿਚ ਖੜ੍ਹਾ ਕਰਨ ਦੀ ਥਾਂ ਹਿੰਦ-ਸਰਕਾਰ ਵੱਲੋਂ, ਪੰਜਾਬ ਸਰਕਾਰ ਦਾ ਚੀਫ਼ ਸੈਕਟਰੀ ਨਿਯੁਕਤ ਕਰ ਦਿੱਤਾ ਗਿਆ, ਤਾਂ ਜੋ ਉਹ ਮਹੰਤ ਨਰਾਇਣ ਦਾਸ ਦੇ ਮੁਕੱਦਮੇ ਉੱਤੇ ਅਸਰ ਅੰਦਾਜ਼ ਹੋ ਸਕੇ। ਫਿਰ ਮਿ. ਕੰਗ ਨੇ ਉਹ ਸਮੁੱਚੀਆਂ ਲੂੰਬੜ -ਚਾਲਾਂ ਦਾ ਸਹਾਰਾ ਲਿਆ, ਜਿਸ ਰਾਹੀਂ ਮਹੰਤ ਨੂੰ ਫਾਂਸੀ ਦੇ ਫੰਧੇ ਤੋਂ ਬਚਾਇਆ ਜਾ ਸਕੇ। ਪੰਜਾਬ ਸਰਕਾਰ ਨੇ ਮਿ. ਡੇਵਿਡ ਪੈਟਰੀ, ਡੀ.ਆਈ.ਜੀ. (ਜਸੂਸੀ ਵਿਭਾਗ) ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਇਹ ਉਹੀ ਬਦਨਾਮ ਉੱਚ ਅਧਿਕਾਰੀ ਸੀ ਜਿਸ ਨੇ ਬਜ-ਬਜ ਘਾਟ, ਕਲਕੱਤੇ ਦੇ 'ਕਾਮਾ-ਗਾਟਾ ਮਾਰੂ ਜਹਾਜ਼ ਦੇ ਨਿਹੱਥੇ ਮੁਸਾਫਿਰਾਂ 'ਤੇ ਗੋਲੀ ਚਲਾਉਣ ਵਿਚ ਸਹਾਇਤਾ ਕੀਤੀ ਸੀ ਅਤੇ ੧੯੧੫ ਦੇ ਪਹਿਲੇ ਕ੍ਰਾਂਤੀਕਾਰੀ ਅੰਦੋਲਨ ਨੂੰ ਕੁਚਲਣ ਵਿਚ ਹਿੰਦ-ਸਰਕਾਰ ਦਾ ਸਹਾਇਕ ਬਣਿਆ। ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਦਾ ਇਕ ਨਵਾਂ ਦੌਰ ਚਲਾ ਦਿੱਤਾ ਤਾਂ ਜੋ ਮੌਕੇ ਦੇ ਗਵਾਹਾਂ ਦੇ ਬਿਆਨਾਂ ਨੂੰ ਆਪਣੇ ਹੱਕ ਵਿਚ ਕੀਤਾ ਜਾ ਸਕੇ, ਅਤੇ ਸਾਕੇ ਪਿੱਛੋਂ ਜੋ ਅਕਾਲੀਆਂ ਦੀ ਚੜ੍ਹ ਮੱਚੀ ਸੀ, ਉਸ ਤਾਕਤ ਨੂੰ ਤੋੜਿਆ ਜਾ ਸਕੇ। ਸਾਕੇ ਦੇ ਪੰਦਰਾਂ ਕੁ ਦਿਨਾਂ ਪਿੱਛੋਂ ਹੀ (੧੫ ਮਾਰਚ) ਅਕਾਲੀਆਂ ਨੂੰ ਇਹ ਇਨਸਾਫ ਦਿੱਤਾ ਗਿਆ ਕਿ ਉਲਟਾ ਉਹਨਾਂ ਦੇ ਹੀ ਆਗੂਆਂ ਨੂੰ ਫੜ ਫੜ ਕੇ ਜੇਹਲੀਂ ਸੁੱਟ ਦਿੱਤਾ ਗਿਆ। ਕੋਈ ੧੦੦ ਦੇ ਕਰੀਬ ਪ੍ਰਸਿੱਧ ਅਕਾਲੀ ਗ੍ਰਿਫ਼ਤਾਰ ਕਰ ਲਏ ਗਏ। ਭਾਈ ਕਰਤਾਰ ਸਿੰਘ 'ਝੱਬਰ' ਨੂੰ ਸ੍ਰੀ ਨਨਕਾਣਾ ਸਾਹਿਬ ਤੇ ਗੁਰਦੁਆਰਾ 'ਕਿਆਰਾ ਸਾਹਿਬ' ਤੋਂ ਸਣੇ ਉਨ੍ਹਾਂ ਦੇ ਜੱਥੇ ਦੇ, ਗ੍ਰਿਫ਼ਤਾਰ ਕਰ ਲਿਆ ਗਿਆ। ਲਾਹੌਰ ਵਿਚ, ਸਪੈਸ਼ਲ ਤੇ ਐਡੀਸ਼ਨਲ ਜੱਜ, ਮਿ. ਜੇ. ਈ. ਕਿਊ ਦੀ ਅਦਾਲਤ ਵਿਚ ਫੜੇ ਗਏ ਅਕਾਲੀਆਂ ਵਿਰੁੱਧ ਡਾਕੇ ਮਾਰਨ, ਘਰ ਭੰਨਣ ਆਦਿ ਝੂਠੇ ਮੁਕੱਦਮੇ ਚਲਾਏ ਗਏ ਅਤੇ ਜਿਤਨੀ ਸਜ਼ਾ ਇਹ ਅਦਾਲਤ ਦੇ ਸਕਦੀ ਸੀ, ਦਿੱਤੀ। ਮਿਸਾਲ ਦੇ ਤੌਰ 'ਤੇ ਜਥੇਦਾਰ ਤੇਜਾ ਸਿੰਘ ਭੁੱਚਰ ਨੂੰ ੯ ਸਾਲ ਕੈਦ ਲਾਹੋਰ ਸਿੰਘ ਨੂੰ ੯ ਸਾਲ ਤੇ ਭਾਈ ਕਰਤਾਰ ਸਿੰਘ 'ਝੱਬਰ' ਨੂੰ ੧੮ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਇਹ ਸਜ਼ਾਵਾਂ ਸੁਣ ਕੇ ਫਿਰ ਸਮੁੱਚੇ ਪੰਥ ਵਿਚ ਹਾ-ਹਾ ਕਾਰ ਮੰਚ ਗਈ। ਪਰੰਤੂ ਕੁਝ ਸਮੇਂ ਪਿੱਛੋਂ ਹੀ ਭਾਈ ਕਰਤਾਰ ਸਿੰਘ 'ਝੱਬਰ' ਆਦਿ ਆਗੂ ਸਰਕਾਰ ਦੀਆਂ ਸ਼ਰਤਾਂ 'ਤੇ ਰਿਹਾਅ ਹੋ ਕੇ ਆ ਗਏ।

ਅਕਾਲੀ ਤਹਿਰੀਕ ਦੀ ਰੀੜ੍ਹ ਦੀ ਹੱਡੀ ਤੋੜਨ ਲਈ ਪੰਜਾਬ ਸਰਕਾਰ ਨੇ ਹਰ ਹੀਲਾ ਵਰਤਿਆ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਸਿੱਖਾਂ, ਵਿਸ਼ੇਸ਼ ਕਰਕੇ ਅਕਾਲੀਆਂ ਵਿਰੁੱਧ, ਆਪਣੀਆਂ ਪ੍ਰਾਪੇਗੰਡਾ ਏਜੰਸੀਆਂ ਰਾਹੀਂ ਭੜਕਾਉਣਾ ਚਾਹਿਆ, ਤਾਂ ਜੋ ਇਹ ਕੌਮਾਂ ਆਪਸ ਵਿਚ ਲੜ ਮਰਨ ਅਤੇ ਇਉਂ ਅਕਾਲੀ ਲਹਿਰ ਦੀ ਪਵਿੱਤਰਤਾ ਨੂੰ ਦਾਗ਼ਦਾਰ ਕੀਤਾ ਜਾ ਸਕੇ। ਪਰੰਤੂ, ਸ਼੍ਰੋ. ਕਮੇਟੀ ਦੇ ਪ੍ਰਾਪੇਗੰਡਾ ਕਮੇਟੀ ਦੇ ਇੰਚਾਰਜ ਤੇ ਪ੍ਰਸਿੱਧ ਨੀਤੀਵਾਨ, ਸ੍ਰ. ਸਰਦੂਲ ਸਿੰਘ 'ਕਵੀਸ਼ਰ' ਨੇ ਅੰਗਰੇਜ਼ ਸਰਕਾਰ ਦੇ ਇਸ ਨਵੇਂ ਪੈਂਤੜੇ ਨੂੰ ਨਾ-ਕਾਮ ਬਣਾ ਕੇ ਰੱਖ ਦਿੱਤਾ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਦੇ ਐਡੀਟਰਾਂ ਨੂੰ ਖ਼ੁਦ ਸ੍ਰੀ ਨਨਕਾਣਾ ਸਾਹਿਬ ਜਾ ਕੇ ਪੁੱਛ-ਪੜਤਾਲ ਕਰਨ ਦਾ ਸੱਦਾ ਦਿੱਤਾ। ਇੰਝ ਪੁੱਛ-ਪੜਤਾਲ ਪਿੱਛੋਂ, ਸੱਯਦ ਹਬੀਬ, ਐਡੀਟਰ 'ਸਿਆਸਤ' ਨੇ ਕਿਹਾ - ਅਕਾਲੀ ਜੱਥਿਆਂ ਦੇ ਮੈਂਬਰ ਪਾਕ ਆਦਮੀ ਹਨ। ਉਹਨਾਂ ਦੀ ਪਿਛਲੀ ਜ਼ਿੰਦਗੀ ਕੁਝ ਵੀ ਹੋਏ, ਉਹ ਹੁਣ ਧਾਰਮਿਕ ਜਜ਼ਬੇ ਤੋਂ ਪੈਦਾ ਹੋਏ ਜੋਸ਼ ਨਾਲ ਉਤਸ਼ਾਹਤ ਹਨ।

੧੧ ਮਾਰਚ ਨੂੰ ਸ੍ਰੀ ਨਨਕਾਣਾ ਸਾਹਿਬ ਵਿਚ ਹਿੰਦੂਆਂ ਦੀ ਇਕ ਸਾਂਝੀ ਮੀਟਿੰਗ ਨੇ ਮਤਾ ਪਾਸ ਕੀਤਾ - "ਜਿਸ ਵਕਤ ਤੋਂ ਨਨਕਾਣੇ ਵਿਚ ਸਿੱਖ ਆਏ ਹਨ, ਉਹਨਾਂ ਦਾ ਹਿੰਦੂਆਂ, ਮੁਸਲਮਾਨਾਂ ਨਾਲ ਸਲੂਕ ਹਮਦਰਦੀ ਭਰਿਆ ਤੇ ਸ਼ਲਾਘਾ-ਯੋਗ ਹੈ। ਉਹ ਦੂਜਿਆਂ ਦੇ ਧਰਮਾਂ 'ਚ ਕੋਈ ਦਖ਼ਲ ਨਹੀਂ ਦੇਂਦੇ। ਅਸੀਂ ਦੁਸ਼ਮਣ ਵੱਲੋਂ ਫੈਲਾਈਆਂ ਕੂੜੀਆਂ ਅਫਵਾਹਾਂ ਦੀ ਪੁਰਜ਼ੋਰ ਤਰਦੀਦ ਕਰਦੇ ਹਾਂ।"

ਅਤੇ ਹੰਸ ਰਾਜ (ਬੈਰਿਸਟਰ, ਜਲੰਧਰ) ਨੇ ਕਿਹਾ ਕਿ ਅਸੀਂ ਉਸ ਬੰਧੇਜ ਤੇ ਸ਼ਾਂਤੀ ਦੀ ਜਿਹੜੀ ਖ਼ਾਲਸੇ ਨੇ ਦਿਖਾਈ, ਤਾਰੀਫ ਕਰਨ ਲਈ ਮਜ਼ਬੂਰ ਹੋਏ ਆਂ।

ਪਰੰਤੂ ਇਸ ਮੁੱਦੇ 'ਤੇ ਅੰਗਰੇਜ਼ ਹਾਕਮਾਂ ਨੂੰ ਮੂੰਹ ਦੀ ਖਾਣੀ ਪਈ। ਸ਼੍ਰੋਮਣੀ ਕਮੇਟੀ ਵਿਚ ਸ੍ਰ. ਸਰਦੂਲ ਸਿੰਘ 'ਕਵੀਸ਼ਰ' ਨੇ ਅੰਗਰੇਜ਼ੀ ਸਰਕਾਰ ਨਾਲ ਨਾ ਮਿਲਵਰਤਣ ਦਾ ਮਤਾ, ੧੧ ਮਈ, ੧੯੨੧ ਨੂੰ ਪੇਸ਼ ਕੀਤਾ, ਜਿਸ 'ਤੇ ਚੀਫ ਖਾਲਸਾ ਦੀਵਾਨ ਨਾਲ ਸੰਬੰਧਿਤ ਕਮੇਟੀ ਦੇ ਪ੍ਰਧਾਨ. ਸ੍ਰ. ਹਰਬੰਸ ਸਿੰਘ 'ਅਟਾਰੀ' ਅਤੇ ਪ੍ਰੋ. ਜੋਧ ਸਿੰਘ ਆਦਿ ਅਸਤੀਫੇ ਦੇ ਗਏ ਅਤੇ ਮਤਾ ਪਾਸ ਹੋ ਗਿਆ। ਇਹ ਲੋਕ ਅੰਗਰੇਜ਼ ਹਾਕਮਾਂ ਨਾਲ ਵਿਗਾੜ ਪੈਦਾ ਕਰਨ ਦੇ ਹੱਕ ਵਿਚ ਨਹੀਂ ਸਨ ਅਤੇ ਹਾਕਮਾਂ ਨਾਲ ਮਿਲਵਰਤਨ ਕਰ ਕੇ ਸਿੱਖ ਕੌਮ ਲਈ ਰਿਆਇਤਾਂ ਲੈਣੀਆਂ ਚਾਹੁੰਦੇ ਸਨ। ਇਹਨਾਂ ਉਪਰੋਕਤ ਹਾਲਤਾਂ ਵਿਚ ਹੇਠਲੀ ਅਦਾਲਤ ਨੇ ਮਹੰਤ ਨਰਾਇਣ ਦਾਸ, ਹਰੀ ਨਾਥ ਜੋਗੀ, ਮਹੰਤ ਰਿਹਾਣਾ ਆਦਿ ਨੂੰ ਮੌਤ ਦੀ ਸਜ਼ਾ ਸੁਣਾਈ। ਪੰਰੂਤ ਮਹੰਤ ਨਰਾਇਣ ਦਾਸ ਨੇ ਆਪਣੇ ਕੇਸ ਦੀ ਪੈਰਵੀ ਲਈ, ਹਾਈਕੋਰਟ ਵਿਚ ਅਪੀਲ ਦਾਇਰ ਕਰ ਦਿੱਤੀ ਅਤੇ ਹੱਸਨ ਇਮਾਮਾ ਨਾਂ ਦੇ ਵਕੀਲ ਨੂੰ ਪੈਰਵੀ ਲਈ 'ਪਟਨੇ' ਤੋਂ ਬੁਲਾਇਆ। ਵਕੀਲ ਨੇ ਅਦਾਲਤ ਦੇ ਰੂ-ਬ-ਰੂ ਮਹੰਤ ਅਤੇ ਉਸ ਦੇ ਚਾਟੜਿਆਂ ਨੂੰ ਬਚਾਉਣ ਲਈ ਇਸ ਪ੍ਰਕਾਰ ਦੀਆਂ ਦਲੀਲਾਂ ਦਿੱਤੀਆਂ, ਜਿਨ੍ਹਾਂ ਨੂੰ ਪੜ੍ਹ ਸੁਣ ਕੇ ਇਨਸਾਨੀਅਤ ਦਾ ਸਿਰ ਮਾਰੇ ਸ਼ਰਮ ਦੇ ਝੁਕ ਜਾਂਦਾ ਹੈ। ਆਪ ਨੇ ਆਖਿਆ - "ਸਰਕਾਰ ਵੱਲੋਂ ਰੱਖਿਆ ਨਾ ਮਿਲ ਸਕਣ ਕਾਰਨ ਮਹੰਤ ਨੂੰ ਹੱਕ ਪਹੁੰਚਦਾ ਸੀ ਕਿ ਉਹ ਆਪਣੀ ਹਿਫਾਜ਼ਤ ਲਈ ਕਦਮ ਉਠਾਵੇ, ਪਠਾਣਾਂ ਨੂੰ ਪਹਿਰੇਦਾਰ ਰੱਖੇ ਅਤੇ 'ਰਾਂਝੇ' ਅਤੇ 'ਰਿਹਾਣੇ' ਵਰਗੇ ਚੰਗੇ ਲੜਾਕੂ ਬਾਹਰੋਂ ਲਿਆਵੇ।

ਉਹ (ਨਰਾਇਣ ਦਾਸ ਮਹੰਤ) ਬਿਲਾ-ਸ਼ੱਕ ਨਿਰਾਸ਼ਤਾ ਅਤੇ ਮਜ਼ਲੂਮੀਅਤ ਦੇ ਡੂੰਘੇ ਅਹਿਸਾਸਾਂ ਦਾ ਸ਼ਿਕਾਰ ਹੋ ਗਿਆ ਸੀ ਅਤੇ ਇਹ ਹੈਰਾਨੀ ਦੀ ਗੱਲ ਨਹੀਂ ਕਿ ਉਸ ਦਾ ਦਿਮਾਗੀ ਸੰਤੁਲਨ ਜਾਂਦਾ ਰਿਹਾ ਅਤੇ ਉਸ ਨੇ ਇਹੋ ਜਿਹਾ ਕਾਰਾ ਕੀਤਾ।"

ਇਹਨਾਂ ਦਲੀਲਾਂ ਦੀ ਬਿਨਾ 'ਤੇ ਅੰਤ ਜੱਜ ਸਾਹਿਬਾਨ ਨੇ ਮਹੰਤ ਨਰਾਇਣ ਦਾਸ ਦੀ ਫਾਂਸ਼ੀ ਦੀ ਸਜ਼ਾ, ਉਮਰ ਕੈਦ ਵਿਚ ਬਦਲ ਦਿੱਤੀ, ਅਤੇ ਮਹੰਤ ਦੇ ਸਹਿਯੋਗੀ ਮੁਲਾਜ਼ਮਾਂ ਜਿਹਾ ਕਿ ਰਾਂਝਾ, ਰਿਹਾਣਾ ਅਤੇ ਹਰੀ ਨਾਥ (ਜੋਗੀ) ਦੀ ਸਜ਼ਾ ਫਾਂਸੀ ਬਰ-ਕਰਾਰ ਰੱਖੀ। ਜੱਜ ਸਾਹਿਬਾਨ ਨੇ ਦੋ ਪਠਾਣਾਂ ਦੀ ਉਮਰ ਕੈਦ ਦੀ ਸਜ਼ਾ ਬਹਾਲ ਰੱਖਦਿਆਂ ਹੋਇਆਂ ਬਾਕੀ ਸਮੂਹ ਦੋਸ਼ੀਆਂ ਨੂੰ ਬਰੀ ਕਰ ਦਿੱਤਾ। ਪਰੰਤੂ ਰੱਖਿਆ ਨਾ ਦੇਣ ਵਾਲੇ ਹਾਕਮਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ?

# ਗਿਆਨ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

**ਜੀਵਨ ਦਾ ਅਤਿ ਮੰਦਭਾਗਾ ਦਿਨ 26 ਅਗਸਤ** - ਦੇਰ ਰਾਤ ਗਏ ਪਿਤਾ ਜੀ ਨੇ ਸਾਨੂੰ ਦੱਸਿਆ ਕਿ ਰਾਤ ਦੇ ਚੌਥੇ ਪਹਿਰ ਪਿੰਡ ਛੱਡ ਕੇ ਚਾਰ-ਪੰਜ ਮੀਲ ਦੇ ਫਾਸਲੇ ਤੇ ਪੈਂਦੇ ਹਿੰਦੂ ਸਿੱਖ ਆਬਾਦੀ ਵਾਲੇ ਪਿੰਡਾਂ ਵੱਲ ਚੱਲਾਂਗੇ। ਥੋੜ੍ਹਾ ਬਹੁਤ ਕੀਮਤੀ ਸਾਮਾਨ ਅਤੇ ਕੱਪੜੇ ਆਦਿ ਨਾਲ ਲੈਣ ਨੂੰ ਵੀ ਕਿਹਾ। ਮੈਂ ਆਪਣੀ ਗਠੜੀ ਵਿਚ ਆਪਣੀਆਂ ਦੋ-ਚਾਰ ਪੁਸਤਕਾਂ ਵੀ ਪਾ ਲਈਆਂ। ਅਗਲਾ ਦਿਨ 26 ਅਗਸਤ ਦਾ ਦਿਨ ਸੀ ਜੋ ਮੇਰੇ ਜੀਵਨ ਦਾ ਸਭ ਤੋਂ ਮਾੜਾ ਅਤੇ ਮੰਦਭਾਗਾ ਦਿਹਾੜਾ ਹੋ ਨਿਕਲਿਆ। ਇਕ ਪਹਿਰ ਰਾਤ ਰਹਿੰਦੀ ਸੀ ਜਦੋਂ ਅਸੀਂ ਸਾਰੇ ਜੀ ਘਰੋਂ ਨਿਕਲ ਪਏ। ਸਾਡੇ ਪਿਤਾ ਜੀ ਨੇ ਕੁਝ ਸਾਮਾਨ ਚਿਤਹੀ ਵਿਚ ਬੰਨ੍ਹ ਕੇ ਆਪਣੀ ਸਭ ਤੋਂ ਜ਼ਿਆਦਾ ਦੁੱਧ ਦੇਣ ਵਾਲੀ ਅਤੇ ਸ਼ਰੀਫ਼ ਜਿਹੀ ਮੱਝ ਤੇ ਲੱਦ ਲਿਆ। ਹੋਰ ਲੋਕ ਵੀ ਉਸੇ ਰਾਹ ਤੇ ਜਾ ਰਹੇ ਸਨ। ਹਨ੍ਹੇਰੀਰਾਤ ਵਿਚ ਕੁਝ ਦੂਰ ਚੱਲ ਕੇ ਘਰ ਦੇ ਜੀ ਵੱਖ-ਵੱਖ ਅਤੇ ਅੱਗੇ-ਪਿੱਛੇ ਹੋ ਗਏ। ਰਸਤਾ ਮੁਸਲਮਾਨਾਂ ਦੇ ਇਕ ਪਿੰਡ ਤੋਂ ਕੁਝ ਦੂਰ ਇਕ ਬੇਰੀਆਂ ਦੇ ਬਾਗ ਕੋਲੋਂ ਲੰਘਦਾ ਸੀ। ਮੁਸ਼ਕਿਲ ਨਾਲ ਮੀਲ ਡੇਢ ਮੀਲ ਹੀ ਚੱਲੇ ਹੋਵਾਂਗੇ ਕਿ ਉਸ ਬਾਗ ਵੱਲੋਂ ਅੱਲਾ-ਹੂ-ਅਕਬਰ ਦੇ ਨਾਅਰਿਆਂ ਦੀਆਂ ਆਵਾਜ਼ਾਂ ਸੁਣਾਈ ਦੇਣ ਲੱਗ ਪਈਆਂ। ਏਨੇ ਨੂੰ ਸਾਡੇ ਮੁਹੱਲੇ ਦਾ ਇਕ ਤਾਇਆ ਸਾਨੂੰ ਵਾਪਸ ਆਉਂਦਾ ਮਿਲਿਆ ਜਿਸ ਨੇ ਦੱਸਿਆ ਕਿ ਅੱਗੇ ਬਾਗ ਵਿਚ ਇਕੱਠੇ ਹੋਏ ਮੁਸਲਮਾਨ ਕੋਲੋਂ ਲੰਘਣ ਵਾਲੇ ਹਿੰਦੂ ਸਿੱਖਾਂ 'ਤੇ ਹਮਲਾ ਕਰਕੇ ਮਾਰ ਧਾੜ ਅਤੇ ਖੋਹਾ ਮੋਹੀ ਕਰ ਰਹੇ ਹਨ। ਜਿਸ ਕਰਕੇ ਅੱਗੇ ਜਾਣਾ ਖਤਰੇ ਤੋਂ ਖਾਲੀ ਨਹੀਂ। ਬੜੇ ਤੇਜ਼ ਤਰਾਰ ਅਤੇ ਦੂਰ-ਦੁਰਾਡੇ ਪਿੰਡਾਂ ਦਾ ਸਫ਼ਰ ਕਰਨ ਵਾਲੇ ਤਾਇਆ ਜੀ ਦੀ ਗੱਲ ਸੁਣ ਕੇ ਅਤੇ ਆਪਣੀ ਮਾਤਾ ਜੀ ਦੇ ਕਹਿਣ ਤੇ ਅਸੀਂ ਪੰਜ ਜੀ ਮੁੜ ਘਰ ਪਰਤ ਗਏ। ਸਾਥੋਂ ਅੱਗੇ ਪਿੱਛੇ ਹੋਏ ਅਤੇ ਨਿਖੜ ਗਏ ਆਪਣੇ ਤਿੰਨ ਛੋਟੇ ਬੇਟਿਆਂ ਨਾਲ ਜਾ ਰਹੇ ਪਿਤਾ ਜੀ ਦੀ ਸਾਮਾਨ ਵਾਲੀ ਮੱਝ ਬਾਗ ਦਾ ਰਸਤਾ ਛੱਡ ਕੇ ਕਿਸੇ ਹੋਰ ਰਾਹ ਤੇ ਆਪ ਹੀ ਮੁੜ ਗਈ ਅਤੇ ਉਹ ਜੀਅ ਹੋਰ ਪਿੰਡ ਵਾਲਿਆਂ ਨਾਲ ਸੁਰੱਖਿਅਤ ਅੱਗੇ ਜਾ ਰਹੇ ਪਿੰਡਾਂ ਦੇ ਸ਼ਾਹ ਹੁਸੈਨ ਦੇ ਕਾਫ਼ਲੇ ਨਾਲ ਜਾ ਮਿਲੇ। ਦਿਨ ਚੜ੍ਹਨ ਤੇ ਪਤਾ ਲੱਗਾ ਕਿ ਲਗਭਗ ਸਾਰਾ ਪਿੰਡ ਖਾਲੀ ਹੋ ਗਿਆ ਸੀ। ਸਾਰੇ ਲੋਕ ਨਿਕਲ ਗਏ ਸਨ। ਕੇਵਲ ਸੌ ਡੇਢ ਸੌ ਛੋਟੇ ਵੱਡੇ ਮਰਦ, ਇਸਤਰੀਆਂ ਅਤੇ ਬੱਚੇ ਪਿੰਡ ਵਿਚ ਰਹਿ ਗਏ ਸਨ। ਕੋਠੇ ਤੇ ਚੜ੍ਹ ਕੇ ਵੇਖਿਆ ਕਿ ਖਾਲੀ ਹੋਏ ਘਰਾਂ ਵਿੱਚੋਂ ਮੁਸਲਮਾਨ ਸਾਮਾਨ ਦੀਆਂ ਪੰਡਾਂ ਬੰਨ੍ਹ-ਬੰਨ੍ਹ ਕੇ ਸਿਰਾਂ 'ਤੇ ਚੁੱਕੀ ਜਾ ਰਹੇ ਸਨ। ਉਨ੍ਹਾਂ ਨੂੰ ਰੋਕਣ ਵਾਲਾ ਕੋਈ ਨਹੀਂ ਸੀ ਰਿਹਾ। ਇਹ ਵੇਖ ਕੇ ਪਿੰਡ ਵਿਚ ਪਿੱਛੇ ਰਹਿ ਗਏ ਸਾਰੇ ਜੀਅ ਮਿਸਤਰੀਆਂ ਦੇ ਮੁਹੱਲੇ ਉੱਚੇ-ਪੱਕੇ ਮਕਾਨਾਂ ਦੀਆਂ ਛੱਤਾਂ ਤੇ ਜਾ ਚੜ੍ਹੇ। ਅਸੀਂ ਵੀ ਉਥੇ ਚਲੇ ਗਏ ਜਿਥੋਂ ਆਪਣੇ ਘਰ ਵਿੱਚੋਂ ਲੁੱਟ ਕੇ ਸਾਮਾਨ ਲੈ ਜਾਂਦੇ ਮੁਸਲਮਾਨ ਲੁਟੇਰੇ ਬੇਬਸ ਅੱਖਾਂ ਨੂੰ ਸਾਫ਼ ਦਿਖਾਈ ਦੇ ਰਹੇ ਸਨ। ਇਸੇ ਦੌਰਾਨ ਪਿੰਡ ਚੰਦਰ ਕੇ ਜੱਟਾਂ ਦਾ ਇਕ ਮੁਸਲਮਾਨ ਜੱਟ ਘੋੜੀ ਤੇ ਸਵਾਰ ਕੁਝ ਲੁਟੇਰੇ ਨਾਲ ਲੈ ਕੇ ਆਇਆ। ਆਪਣੇ ਸਾਥੀਆਂ ਨੂੰ ਕੰਮ ਤੇ ਲਾ ਕੇ ਆਪ ਸਾਡੇ ਵੱਲ ਨੂੰ ਆ ਗਿਆ। ਕਹਿਣ ਲੱਗਾ ਕਿ ਸਾਮਾਨ ਸਮੇਤ ਮੇਰੇ ਨਾਲ ਮੇਰੇ ਪਿੰਡ ਚਲੋ ਚਲੋ ਮੈਂ ਤੁਹਾਨੂੰ ਅੱਗੇ ਸੁਰੱਖਿਅਤ ਪਿੰਡਾਂ ਵੱਲ ਲੰਘਾਹ ਦੇਵਾਂਗਾ। ਉਸ ਦੇ ਇਸ ਵਿਸ਼ਵਾਸ ਤੇ ਸਹਿਮਤ ਹੋਣ ਵਾਲਿਆਂ ਵੱਡਿਆਂ ਵਿਚ ਮੇਰੇ ਛੋਟੇ ਚਾਚਾ ਜੀ ਵੀ ਸਨ ਜਿਨ੍ਹਾਂ ਦੀ ਜ਼ਮੀਨ ਇਸ ਜੱਟ ਦੇ ਖੇਤਾਂ ਨਾਲ ਲੱਗਦੀ ਸੀ। ਸਾਨੂੰ ਆਪਣੇ ਪਿੰਡ ਦੇ ਉੱਚੇ ਥੇਹ ਕੋਲ ਲੈ ਗਏ ਜਿੱਥੇ ਹੋਰ ਵੀ ਗੁੰਡੇ ਮੁਸਲਮਾਨ ਲਾਠੀਆਂ, ਬਰਛੇ ਅਤੇ ਛਵੀਆਂ ਆਦਿ ਹਥਿਆਰਾਂ ਨਾਲ ਲੈੱਸ ਖੜ੍ਹੇ ਸਨ। ਸਾਡੇ ਸਾਰਿਆਂ ਦੇ ਉਥੇ ਪਹੁੰਚਣ ਤੋਂ ਬਾਅਦ ਸਾਡਾ ਮੁਸਲਿਮ ਜੱਟ ਅਖੌਤੀ ਗਾਈਡ ਉੱਚੀ ਥਾਂ ਤੇ ਖਲੋ ਕੇ ਉੱਚੀ ਆਵਾਜ਼ ਨਾਲ ਕਹਿਣ ਲੱਗਾ ਕਿ ਤੁਸੀਂ ਆਪਣੇ ਸਾਰੇ ਹਥਿਆਰ, ਸਾਮਾਨ ਅਤੇ ਕੱਪੜੇ ਆਦਿ ਇਥੇ ਰੱਖ ਦੇਵੋ। ਫਿਰ ਅਸੀਂ ਤੁਹਾਨੂੰ ਇਧਰ ਪਹਾੜ ਦੀ ਦਿਸ਼ਾ ਦੇ ਪਿੰਡਾਂ ਵੱਲ ਨਹੀਂ, ਸਗੋਂ ਉਲਟੇ ਦੱਖਣ ਵੱਲ ਲੈ ਕੇ ਚਲਾਂਗੇ ਜਿਸ ਨਾਲ ਤੁਸੀਂ ਛੇਤੀ ਹਿੰਦੋਸਤਾਨ ਪਹੁੰਚ ਜਾਉਗੇ। ਉਸ ਦੇ ਐਲਾਨ ਦੀ ਪਾਲਣਾ ਕਰਨ ਤੋਂ ਛੁਟ ਸਾਡੇ ਕੋਲ ਕੋਈ ਹੋਰ ਚਾਰਾ ਨਹੀਂ ਸੀ। ਹੋਰ ਸਾਮਾਨ ਦੇ ਨਾਲ ਆਪਣੀ ਪੁਸਤਕਾਂ ਵਾਲੀ ਗਠੜੀ ਵੀ ਮੈਂ ਉੱਥੇ ਰੱਖ ਦਿੱਤੀ। ਸਾਰਿਆਂ ਦਾ ਸਾਮਾਨ ਉਥੇ ਰਖਵਾਉਣ ਉਪਰੰਤ ਸਾਡਾ ਧੋਖੇਬਾਜ਼ ਗਾਈਡ ਅਤੇ ਉਸ ਦੇ ਹਥਿਆਰਬੰਦ ਸਾਥੀਆਂ ਦੇ ਘੇਰੇ ਵਿਚ ਸਾਡੇ ਕਾਫਲੇ ਨੂੰ ਮੁਸਲਮਾਨ ਆਬਾਦੀ ਵਾਲੇ ਉਨ੍ਹਾਂ ਪਿੰਡਾਂ ਵੱਲ ਲੈ ਤੁਰੇ ਜਿੱਧਰ ਅਸੀਂ ਜਾਣਾ ਨਹੀਂ ਸੀ ਚਾਹੁੰਦੇ। ਆਪਣੇ ਪਿੰਡ ਦੇ ਬਾਹਰੋ-ਬਾਹਰ ਤੋਂ ਇਕ ਵਾਰ ਫਿਰ ਲੰਘਦੇ ਹੋਏ ਅਸੀਂ ਅੱਗੇ ਪਿੰਡ ਗਿਦੀਆਂ ਕੋਲੋਂ ਲੰਘਣਾ ਸੀ। ਉਥੋਂ ਦੇ ਹਥਿਆਰਬੰਦ ਮੁਸਲਮਾਨ ਸਾਡੀ ਉਡੀਕ ਕਰ ਰਹੇ ਸਨ। ਉਨ੍ਹਾਂ ਸਾਡੇ ਕਾਫਲੇ 'ਤੇ ਹਮਲਾ ਕਰ ਦਿੱਤਾ। ਕਾਫਲੇ ਨੂੰ ਕੱਚੀ ਸੜਕ ਤੋਂ ਜਾਂਦੇ ਨੂੰ ਮੋੜ ਕੇ ਕਿਸੇ ਹੋਰ ਪਾਸੇ ਲੈ ਤੁਰੇ। ਕਾਫਲੇ ਵਿਚ ਘੁਸੜ ਕੇ ਮਾਰ ਕਟਾਈ ਅਤੇ ਲੁੱਟ ਮਾਰ ਸ਼ੁਰੂ ਕਰ ਦਿੱਤੀ। ਸਾਡੇ ਨਾਲ ਨਾਲ ਦੌੜੇ ਜਾ ਰਹੇ ਸਨ, ਖੋਹਾ ਮੋਹੀ ਕਰ ਰਹੇ ਸਨ ਅਤੇ ਲਾਠੀਆਂ ਅਤੇ ਤੇਜ਼ ਧਾਰ ਹਥਿਆਰਾਂ ਨਾਲ ਬੇ-ਗੁਨਾਹ ਜੀਆਂ ਨੂੰ ਜਾਨੋਂ ਮਾਰ ਰਹੇ ਸਨ। ਜਵਾਨ ਕੁੜੀਆਂ ਨੂੰ ਖਿੱਚ ਧੂਹ ਕੇ ਲਿਜਾ ਰਹੇ ਸਨ। ਖੇਤਾਂ ਵਿਚ ਵਰਖਾ ਦੇ ਖੜ੍ਹੇ ਪਾਣੀ ਅਤੇ ਚਿੱਕੜ ਕਾਰਨ ਭਜਿਆ ਵੀ ਨਹੀਂ ਸੀ ਜਾਂਦਾ। ਅੱਗੇ ਲੰਘ ਗਈਆਂ ਕੁਝ ਬੇਬੱਸ ਅਤੇ ਜਾਨ ਭਿਆਨੀ ਮਾਵਾਂ ਵੱਲੋਂ ਕੁਛੜੋਂ ਸੁਟੇ ਚਿੱਕੜ ਵਿਚ ਵਿਲਕਦੇ ਬੱਚੇ ਵੀ ਵੇਖੇ ਗਏ। ਇਸ ਹਮਲੇ ਵਿਚ ਸਾਡੇ ਨਾਲ-ਨਾਲ ਦੌੜਦੇ ਆ ਰਹੇ ਇਕ ਛੇ ਫੁੱਟ ਤੋਂ ਵੀ ਉੱਚੇ ਡਾਂਗ ਵਾਲੇ ਨੂੰ ਮੈਂ ਪਹਿਚਾਣ ਲਿਆ ਜੋ ਉਸ ਪਿੰਡ ਦੇ ਮੇਰੇ ਇਕ ਪੁਰਾਣੇ ਜਮਾਤੀ ਦਾ ਵੱਡਾ ਭਾਈ ਸੀ। ਇਹ ਦੱਸ ਕੇ ਕਿ ਮੈਂ ਕੌਣ ਹਾਂ, ਮੈਂ ਉਸ ਨੂੰ ਨਾ ਮਾਰਣ ਲਈ ਤਰਲਾ ਮਾਰਿਆ। ਉਸ ਦਾ ਉੱਤਰ ਸੀ – ਤੁਸੀਂ ਚਲੇ ਚਲੋ, ਤੁਹਾਨੂੰ ਕੋਈ ਨਹੀਂ ਮਾਰਦਾ, ਅਸੀਂ ਤਾਂ ਤੁਹਾਨੂੰ ਪਿੰਡ ਦੀ ਜੂਹ ਲੰਘਾ ਰਹੇ ਹਾਂ। ਉਸ

ਵੇਲੇ ਉਸ ਦੀ ਮੋਟੀ ਡਾਂਗ ਦੀ ਮਾਰ ਤੋਂ ਸਾਨੂੰ ਰੱਬ ਨੇ ਹੀ ਬਚਾ ਲਿਆ। ਇਸ ਹਮਲੇ ਵਿਚ ਸਾਡੇ ਪਿੰਡ ਦਾ ਕਾਫੀ ਜਾਨੀ ਨੁਕਸਾਨ ਹੋਇਆ। ਮੇਰੇ ਬਜ਼ੁਰਗ ਦਾਦਾ ਜੀ ਅਤੇ ਇਕ ਚਾਚੀ ਜੀ ਮਾਰੇ ਗਏ ਅਤੇ ਇਕ ਚਾਚਾ ਜੀ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਮੇਰੇ ਮਾਤਾ ਜੀ ਜੋ ਭੱਜ ਨਹੀਂ ਸਨ ਸਕਦੇ ਹੌਲੀ-ਹੌਲੀ ਚਿੱਕੜ ਵਿਚ ਡਿੱਗੇ ਪਏ ਫੱਟੜਾਂ ਨੂੰ ਪਹਿਚਾਣਦੇ ਹੋਏ ਪਿਛੋਂ ਆ ਮਿਲੇ ਅਤੇ ਅਸੀਂ ਚਾਰੇ-ਪੰਜੇ ਜੀਅ ਇਕ ਖੂਹ ਤੇ ਰੁੱਖਾਂ ਥੱਲੇ ਇਕ ਵਾਰ ਫਿਰ ਇਕੱਠੇ ਹੋ ਗਏ। ਪਿਛਲੇ ਪਿੰਡ ਵਾਲੇ ਹਮਲਾਵਰ ਆਪਣਾ ਕੰਮ ਨਬੇੜ ਕੇ ਪਰਤ ਗਏ। ਉਨ੍ਹਾਂ ਤੋਂ ਬਚ ਨਿਕਲਣ ਵਾਲੇ ਖਿਲਰੇ-ਪੁਲਰੇ ਅੱਗੇ ਆਉਂਦੇ ਇਕ ਵੱਡੇ ਪਿੰਡ ਦੇ ਵੱਡੇ ਬੋਹੜ ਦੇ ਰੁੱਖ ਥੱਲੇ ਹੌਲੀ-ਹੌਲੀ ਇਕੱਠੇ ਹੋ ਰਹੇ ਸਨ। ਇਹ ਪਿੰਡ ਇਸ ਇਲਾਕੇ ਦਾ ਪੁਲਿਸ ਥਾਣਾ ਰੱਯਾ ਸੀ। ਇੰਨੇ ਨੂੰ ਇਕ ਬਹੁਤ ਵੱਡਾ ਕਾਫਲਾ ਜ਼ਿਲ੍ਹਾ ਸ਼ੇਖੂਪੁਰ ਦੇ ਇਲਾਕੇ ਦੇ ਲੋਕਾਂ ਦਾ ਆਪਣੇ ਗੱਡਿਆਂ, ਘੋੜਿਆਂ ਅਤੇ ਪਸ਼ੂਆਂ ਤੇ ਲੱਦੇ ਸਾਮਾਨ ਸਮੇਤ ਉਥੇ ਆ ਨਿਕਲਿਆ ਜਿਸ ਨੂੰ ਵੇਖ ਕੇ ਸਾਡੀ ਜਾਨ ਵਿਚ ਜਾਨ ਆਈ ਅਤੇ ਜਿੰਦਾ ਬੱਚ ਕੇ ਹਿੰਦੋਸਤਾਨ ਪਹੁੰਚਣ ਦੀ ਆਸ ਬੱਝ ਗਈ। ਪਰ ਇਹ ਥੋੜ੍ਹੀ ਦੇਰ ਲਈ ਹੀ ਰਹਿੰਦੀ ਜਾਪੀ ਕਿਉਂ ਜੋ ਛੇਤੀ ਹੀ ਉਥੇ ਇਕੱਠੇ ਹੋਏ ਅਤੇ ਕਾਫਲੇ ਦੇ ਲੋਕਾਂ ਤੇ ਰੁੱਕ-ਰੁੱਕ ਕੇ ਗੋਲੀਆਂ ਚੱਲਣ ਲੱਗ ਪਈਆਂ। ਬਾਅਦ ਵਿਚ ਪਾਤ ਲੱਗਾ ਕਿ ਇਹ ਗੋਲੀ ਬਾਰੀ ਪੁਲਿਸ ਥਾਣੇ ਵੱਲੋਂ ਕਾਫਲੇ ਨੂੰ ਡਰਾ ਕੇ ਅੱਗੇ ਭਜਾਉਣ ਲਈ ਕੀਤੀ ਸੀ। ਡਰਦੇ ਮਾਰੇ ਸਾਡੇ ਕੋਲ ਬੈਠੇ ਕੁਝ ਲੋਕ ਨਾਲ ਲੱਗਦੇ ਕਮਾਦ ਦੇ ਖੇਤ ਵਿਚ ਜਾਨ ਬਚਾਉਣ ਲਈ ਵੜ ਗਏ। ਸਾਡੇ ਮਾਤਾ ਜੀ ਨੇ ਸਾਨੂੰ ਕਮਾਦ ਦੇ ਖੇਤ ਵਿਚ ਜਾਣ ਤੋਂ ਮਨ੍ਹਾਂ ਕਰ ਦਿੱਤਾ। ਅਸੀਂ ਉਥੇ ਹੀ ਬੈਠੇ ਗੋਲੀਆਂ ਦੀਆਂ ਆਵਾਜ਼ਾਂ ਸੁਣਦੇ ਰਹੇ। ਇਸ ਗੋਲੀ ਬਾਰੀ ਵਿਚ ਕਾਫਲੇ ਦਾ ਕਾਫੀ ਜਾਨੀ ਨੁਕਾਸਨ ਹੋਇਆ। ਕਮਾਦ ਵਿਚ ਲੁਕੇ ਕਈ ਜੀਅ ਵੀ ਮਾਰੇ ਗਏ। ਗੋਲੀਆਂ ਦੀ ਆਵਾਜ਼ ਬੰਦ ਹੋਣ ਤੇ ਅਸੀਂ ਵੀ ਉਸ ਕਾਫਲੇ ਵਿਚ ਰਲ ਗਏ। ਕਾਫਲੇ ਵਾਲੇ ਅੱਗੇ ਜਾ ਕੇ ਡੇਰਾ ਬਾਬਾ ਨਾਨਕ ਦੇ ਪੁੱਲ ਤੋਂ ਦਰਿਆ ਰਾਵੀ ਨੂੰ ਪਾਰ ਕਰਨਾ ਚਾਹੁੰਦੇ ਸਨ ਪਰ ਪੁਲਿਸ ਵਾਲਿਆਂ ਨੇ ਕਾਫਲੇ ਨੂੰ ਉਸ ਪਾਸੇ ਜਾਣ ਤੋਂ ਰੋਕ ਦਿੱਤਾ ਅਤੇ ਉਥੋਂ ਸਿੱਧਾ ਦਰਿਆ ਰਾਵੀ ਵੱਲ ਨੂੰ ਮੋੜ ਦਿੱਤਾ। ਕਾਫਲਾ ਵਰ੍ਹਦੇ ਮੀਂਹ ਵਿਚ ਕਈ ਖਾਲੀ ਹੋਏ ਅਤੇ ਉਜੜੇ ਪਿੰਡਾਂ ਕੋਲੋਂ ਲੰਘਦਾ ਹੋਇਆ ਸ਼ਾਮ ਤੱਕ ਦਰਿਆ ਰਾਵੀ ਦੇ ਕਿਨਾਰੇ ਤੱਕ ਪਹੁੰਚ ਗਿਆ। ਗਾਤਾਰ ਵਰਖਾ ਕਰਕੇ ਦਰਿਆ ਵਿਚ ਭਾਰੀ ਹੜ੍ਹ ਆਇਆ ਹੋਇਆ ਸੀ ਅਤੇ ਦਰਿਆ ਪਾਰ ਕਰਨ ਦਾ ਕੋਈ ਵਸੀਲਾ ਨਜ਼ਰ ਨਹੀਂ ਆ ਰਿਹਾ ਸੀ।




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਸੰਤ ਪ੍ਰੇਮ ਸਿੰਘ ਜੀ

ਡਾ. ਜਸਵੰਤ ਸਿੰਘ



ਸੰਤ ਪ੍ਰੇਮ ਸਿੰਘ ਨੇ ਲੋਕਾਂ ਨੂੰ ਇਸ ਬੋਝ ਤੋਂ ਰਾਹਤ ਦੇਣ ਲਈ ਵੱਖ-ਵੱਖ ਦੀਵਾਨਾਂ ਅਤੇ ਕਾਨਫਰੰਸਾਂ ਵਿਚ ਮਤੇ ਪਾਸ ਕਰਕੇ ਬਰਾਤ ਦੇ ਠਹਿਰਣ ਦਾ ਸਮਾਂ ਘੱਟ ਕਰਨ ਲਈ ਪ੍ਰਚਾਰ ਕੀਤਾ। ਸੰਤ ਪ੍ਰੇਮ ਸਿੰਘ ਜੀ ਨੇ ਪਹਿਲੇ ਪਾਸ ਕੀਤੇ ਗਏ ਮਤਿਆਂ ਵਿਚ ਕਿਹਾ ਕਿ ਬਰਾਤ ਕੇਵਲ ਦੋ ਜਾਂ ਤਿੰਨ ਰਾਤਾਂ ਰਹੇਗੀ। ਪਰ ਬਾਅਦ ਵਿਚ ਸੰਤ ਪ੍ਰੇਮ ਸਿੰਘ ਨੇ ਕੇਵਲ ਇਕ ਰਾਤ ਬਰਾਤ ਦੇ ਠਹਿਰਣ ਤੇ ਜ਼ੋਰ ਦਿੱਤਾ। ਅਪ੍ਰੈਲ 1947 ਈ. ਵਿਚ ਉਹਨਾਂ ਨੇ ਆਪਣੇ ਪਿੰਡ ਖੋੜੀ ਦੁੱਨਾ ਸਿੰਘ ਜ਼ਿਲ੍ਹਾ ਗੁਜਰਾਤ ਵਿਚ ਆਪ ਹਾਜ਼ਰ ਹੋ ਕੇ ਚਾਰ ਜੋੜੀਆਂ ਦੇ ਵਿਆਹ ਦੀਆਂ ਲਾਵਾਂ ਪੜ੍ਹੀਆਂ ਅਤੇ ਆਨੰਦ ਕਾਰਜ ਦੀ ਰਸਮ ਪੂਰੀ ਕਰਵਾਈ। ਉਸ ਸਮੇਂ ਬੀਬੀ ਗਿਆਨ ਕੌਰ ਸਪੁੱਤਰੀ ਬਾਵਾ ਹਰੀ ਸਿੰਘ, ਖੋੜੀ ਦੁੱਨਾ ਸਿੰਘ ਦਾ ਸ਼ੁਭ ਵਿਆਹ ਸ. ਰਵੇਲ ਸਿੰਘ ਸਪੁੱਤਰ ਸ. ਧੰਨਾ ਸਿੰਘ, ਪਿੰਡ ਬਾਬਕਵਾਲ ਜ਼ਿਲ੍ਹਾ ਸ਼ੇਖੂਪੁਰਾ ਨਾਲ ਹੋਇਆ। ਬੀਬੀ ਅਮਰ ਕੌਰ ਸਪੁੱਤਰੀ ਬਾਵਾ ਮਹਿੰਗਾ ਸਿੰਘ ਦਾ ਵਿਆਹ ਸ. ਨਰਿੰਜਣ ਸਿੰਘ ਸਪੁੱਤਰ ਸ. ਮੇਲਾ ਸਿੰਘ, ਪਿੰਡ ਬਜ਼ੁਰਗਵਾਲ ਜ਼ਿਲ੍ਹਾ ਗੁਜਰਾਤ ਨਾਲ ਹੋਇਆ। ਬੀਬੀ ਹਰਬੰਸ ਕੌਰ ਸਪੁੱਤਰੀ ਸਵਰਗਵਾਸੀ ਬਾਵਾ ਖੇਮ ਸਿੰਘ ਦਾ ਸ਼ੁਭ ਵਿਆਹ ਸ. ਪ੍ਰੀਤਮ ਸਿੰਘ ਸਪੁੱਤਰ ਸ. ਜੇਠਾ ਸਿੰਘ ਸਰਾ ਨਾਲ ਅਤੇ ਬੀਬੀ ਪ੍ਰੀਤਮ ਕੌਰ ਸਪੁੱਤਰੀ ਸਵਰਗਵਾਸੀ ਲੱਧਾ ਸਿੰਘ, ਪਿੰਡ ਖੋੜੀ ਦੁੱਨਾ ਸਿੰਘ ਦਾ ਸ਼ੁਭ ਵਿਆਹ ਸ. ਮੁਖਤਿਆਰ ਸਿੰਘ ਸਪੁੱਤਰ ਸ. ਜੇਠਾ ਸਿੰਘ, ਖੋੜੀ ਦੁੱਨਾ ਸਿੰਘ ਨਾਲ ਹੋਇਆ। ਇਹਨਾਂ ਵਿਆਹਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਸਾਰੀਆਂ ਬਰਾਤਾਂ ਸੰਤ ਪ੍ਰੇਮ ਸਿੰਘ ਜੀ ਦੀ ਹਦਾਇਤ ਦੇ ਅਨੁਸਾਰ ਕੇਵਲ ਇਕ ਰਾਤ ਰਹੀਆਂ। ਇਸ ਤੋਂ ਬਾਅਦ ਬਰਾਤਾਂ ਲਗਾਤਾਰ ਇਕ ਰਾਤ ਹੀ ਰਹਿਣ ਲੱਗੀਆਂ। ਇਸ ਨਾਲ ਦੋਹਾਂ ਪਰਿਵਾਰਾਂ ਨੂੰ ਬਹੁਤ ਜ਼ਿਆਦਾ ਫਜ਼ੂਲ ਖਰਚੀ ਤੋਂ ਰਾਹਤ ਮਿਲੀ। ਵਿਆਹ ਪੁਰਾਤਨ ਰਸਮਾਂ ਰਿਵਾਜ਼ਾਂ ਵਿਰੁੱਧ ਅਤੇ ਨਵੀਨ ਗੁਰਮਤਿ ਅਨੁਸਾਰ ਹੋਣੇ ਸ਼ੁਰੂ ਹੋਏ।

ਇਹ ਜਾਣਨਾ ਅਜੀਬ ਹੈ ਕਿ ਲੁਬਾਣਾ ਬਰਾਦਰੀ ਵਿਚ ਮੁਕਲਾਵਾ ਵਿਆਹ ਤੋਂ ਇਕ, ਤਿੰਨ, ਪੰਜ ਜਾਂ ਸੱਤ ਸਾਲਾਂ ਬਾਅਦ ਲਿਆਂਦਾ ਜਾਂਦਾ ਸੀ। ਦੁਲਹਨ ਨੂੰ ਉਸਦੇ ਪਤੀ ਦੇ ਘਰ ਕਿਸੇ ਬੱਚੇ ਨੂੰ ਜਨਮ ਨਹੀਂ ਸੀ ਦਿੰਦੀ। ਆਮ ਤੌਰ ਤੇ ਦੁਲਹਨ ਇਸ ਸਮੇਂ ਦੌਰਾਨ ਦੋ, ਤਿੰਨ ਬੱਚਿਆਂ ਨੂੰ ਜਨਮ ਦੇ ਦਿੰਦੀ ਸੀ। ਜਲਦੀ ਵਾਪਸ ਆਉਣ ਬਾਰੇ ਉਸ ਸਮੇਂ ਇਹ ਆਮ ਤੌਰ ਤੇ ਕਿਹਾ ਜਾਂਦਾ ਸੀ, "ਮੈਂ ਹੁਣੇ ਮੁੜ ਆਉਣੈ, ਮੈਂ ਕਿਤੇ ਸਹੁਰੇ ਚੱਲਿਆ ਹਾਂ।" ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਵਿਆਹ ਦੇ ਨਾਲ ਹੀ ਡੋਲੀ ਤੋਰਨ ਦੀ ਰਸਮ ਤੇ ਜ਼ੋਰ ਦਿੱਤਾ। ਇਸ ਕਰਕੇ ਕੁਝ ਸਮੇਂ ਬਾਅਦ ਸੰਤਾਂ ਦੇ ਲਗਾਤਾਰ ਯਤਨਾਂ ਕਰਕੇ ਇਸ ਰਸਮ ਵਿਚ ਤਬਦੀਲੀ ਆ ਗਈ। ਬਾਅਦ ਵਿਚ ਇਹ ਇਕ ਪੱਕਾ ਰਿਵਾਜ਼ ਬਣ ਗਿਆ ਕਿ ਡੋਲੀ ਵਿਆਹ ਖਤਮ ਹੋਣ ਦੇ ਸਮੇਂ ਹੀ ਤੋਰੀ ਜਾਣ ਲੱਗੀ।

ਪਤੀ ਦੀ ਮੌਤ ਤੋਂ ਬਾਅਦ ਵਿਧਵਾ ਨੂੰ ਦੁਬਾਰਾ ਵਿਆਹ ਕਰਨ ਦੀ ਆਗਿਆ ਸੀ। ਪਰੰਤੂ ਇਨ੍ਹਾਂ ਵਿਚ ਜੇਠ ਨਾਲ ਵਿਆਹ ਕਰਨ ਦਾ ਵਿਰੋਧ ਕੀਤਾ ਜਾਂਦਾ ਸੀ। ਦੁਬਾਰਾ ਵਿਆਹੀ ਵਿਧਵਾ ਨੂੰ ਕੁਝ ਧਾਰਮਿਕ ਰੀਤਾਂ ਵਿਚ ਬਰਾਦਰੀ ਦਾ ਸਥਾਨ ਨਹੀਂ ਸੀ। ਉਸਨੂੰ ਉਹ ਵਿਸ਼ੇਸ਼ ਅਧਿਕਾਰ ਪ੍ਰਾਪਤ ਨਹੀਂ ਸੀ ਜੋ ਪਹਿਲੀ ਵਾਰ ਵਿਆਹੀਆਂ ਔਰਤਾਂ ਨੂੰ ਪ੍ਰਾਪਤ ਸਨ। ਵਿਧਵਾ ਦੇ ਪੁੱਤਰਾਂ ਨੂੰ ਬਰਾਦਰੀ ਵਿਚ ਬੈਠਣ ਦੀ ਆਗਿਆ ਨਹੀਂ ਸੀ। ਉਹ ਕੇਵਲ ਆਪਣੀ ਗੋਤ ਵਿਚ ਬੈਠ ਸਕਦੇ ਸਨ। ਇਸ ਤਰ੍ਹਾਂ ਵਿਧਵਾ ਦੇ ਬੱਚਿਆਂ ਨੂੰ ਪਰੇ ਹੀ ਰੱਖਿਆ ਜਾਂਦਾ ਸੀ। ਪਿਛਲੱਗ ਬੱਚੇ ਵਿਆਹ ਜਾਂ ਅੰਤਿਮ ਸੰਸਕਾਰ ਦੀਆਂ ਰੀਤਾਂ ਵਿਚ ਹਿੱਸਾ ਨਹੀਂ ਲੈ ਸਕਦੇ ਸਨ ਤੇ ਨਾ ਹੀ ਉਹ ਆਪਣੇ ਮਤਰੇਏ ਪਿਤਾ ਦੇ ਵਿਆਹ ਦੇ ਖਾਣੇ ਵਿਚ ਸ਼ਾਮਲ ਹੋ

ਸਕਦੇ ਸਨ। ਉਹ ਕੇਵਲ ਬਾਲ ਅਵਸਥਾ ਵਿਚ ਪਾਲਣ ਪੋਸਣ ਦੇ ਹੱਕਦਾਰ ਸਨ। ਪਰੰਤੂ ਉਨ੍ਹਾਂ ਨੂੰ ਆਪਣੇ ਮਤਰੇਏ ਪਿਤਾ ਦੀ ਜਾਇਦਾਦ ਦੇ ਕਿਸੇ ਵੀ ਹਿੱਸੇ ਦਾ ਵਾਰਸ ਬਣਨ ਦਾ ਅਧਿਕਾਰ ਨਹੀਂ ਸੀ। ਬਾਅਦ ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਵਿਹਾਰ ਸੁਧਾਰ ਲਹਿਰ ਦੇ ਪ੍ਰੋਗਰਾਮ ਤਹਿਤ ਦੁਬਾਰਾ ਵਿਆਹੀਆਂ ਵਿਧਵਾਵਾਂ ਅਤੇ ਉਨ੍ਹਾਂ ਦੇ ਬੱਚਿਆਂ ਦੇ ਪੱਧਰ ਨੂੰ ਉੱਚਾ ਚੁੱਕਣ ਦੇ ਯਤਨ ਕੀਤੇ। ਸੰਤ ਪ੍ਰੇਮ ਸਿੰਘ ਜੀ ਦਾ ਕਹਿਣਾ ਸੀ ਕਿ ਜੇਕਰ ਪਤਨੀ ਦੀ ਮੌਤ ਉਪਰੰਤ ਪਤੀ ਹੋਰ ਵਿਆਹ ਕਰਵਾ ਸਕਦਾ ਹੈ ਤਾਂ ਐਸਾ ਹੱਕ ਔਰਤ ਨੂੰ ਕਿਉਂ ਨਾ ਦਿੱਤਾ ਜਾਵੇ। ਇਸ ਕਰਕੇ ਵਿਧਵਾਵਾਂ ਨੂੰ ਦੁਬਾਰਾ ਵਿਆਹ ਦੀ ਆਗਿਆ ਦੁਆ ਕੇ ਸੰਤ ਪ੍ਰੇਮ ਸਿੰਘ ਜੀ ਨੇ ਇਕ ਬਹੁਤ ਵੱਡਾ ਸਮਾਜਿਕ ਸੁਧਾਰ ਕੀਤਾ।

ਇਕੱਠ ਦਾ ਰਿਵਾਜ਼ ਵੀ ਉਨ੍ਹਾਂ ਵਿਚ ਬਹੁਤ ਪ੍ਰਚਲਤ ਸੀ। ਮੌਤ ਤੋਂ ਸਤਾਰਾਂ ਦਿਨ ਬਾਅਦ ਸਤਾਰਵਾਂ ਹੁੰਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਖੁੱਲ੍ਹਾ ਪਾਠ ਰਖਵਾਇਆ ਜਾਂਦਾ ਸੀ। ਸਤਾਰਵੇਂ ਦਿਨ ਅਖੰਡ ਪਾਠ ਦੇ ਭੋਗ ਦੀ ਰਸਮ ਪੂਰੀ ਹੁੰਦੀ।

ਸਾਰੇ ਰਿਸ਼ਤੇਦਾਰਾਂ ਨੂੰ ਇਸ ਖਾਸ ਦਿਨ ਬੁਲਾਇਆ ਜਾਂਦਾ ਸੀ। ਮਰਨ ਵਾਲੇ ਦੇ ਪੁੱਤਾਂ, ਧੀਆਂ ਦੇ ਸਹੁਰੇ ਵੀ ਉਥੇ ਪਹੁੰਚਦੇ। ਜਦੋਂ ਪਰਿਵਾਰ ਅਫਸੋਸ ਤੇ ਗ਼ਮ ਵਿਚ ਡੁੱਬਾ ਹੁੰਦਾ ਤਾਂ ਲੜਕੇ ਤੇ ਲੜਕੀਆਂ ਦੇ ਸਹੁਰੇ ਖਸ਼ੀ ਤੇ ਚਹਿਲ ਪਹਿਲ ਦੇ ਰਉਂ ਵਿਚ ਆਉਂਦੇ। ਸਹੁਰਿਆਂ ਦੇ ਪਰਿਵਾਰ ਦੀਆਂ ਕੁਝ ਔਰਤਾਂ ਕਈ ਤਰ੍ਹਾਂ ਦੇ ਸਾਂਗ ਲਗਾਉਂਦੀਆਂ। ਉਨ੍ਹਾਂ ਵਿਚੋਂ ਇਕ ਸਾਧ ਬਣਦੀ ਅਤੇ ਦੂਜੀ ਇਕ ਆਦਮੀ। ਕੱਪੜੇ ਦਾ ਬਣਾਇਆ ਹੋਇਆ ਗਾਲੜ, ਲੰਮੀ ਸੋਟੀ ਦੇ ਇਕ ਸਿਰੇ ਤੋਂ ਬੰਨਿਆ ਜਾਂਦਾ। ਉਸ ਗਾਲੜ ਦੀ ਇਕ ਪੂਛ ਵੀ ਬਣਾਈ ਜਾਂਦੀ ਸੀ। ਗਾਲੜ ਨੂੰ ਇਸ ਤਰੀਕੇ ਨਾਲ ਬੰਨਿਆ ਹੁੰਦਾ ਸੀ ਕਿ ਉਹ ਉੱਪਰ ਥੱਲੇ ਹੋ ਸਕੇ। ਜਿਸ ਪਰਿਵਾਰ ਵਿਚ ਇਕੱਠ ਹੁੰਦਾ ਸੀ ਕਿ ਉਹ ਉਥੇ ਪਹੁੰਚਦੀਆਂ। ਉਹ ਵਿਧਵਾ ਨੂੰ ਲੁਬਾਣਕੀ ਬੋਲੀ ਵਿਚ ਕਹਿੰਦੀਆਂ "ਜੇ ਥਾਰੋ ਬੁਢੋ ਮਰਿਓ, ਗਾਲੜੋ ਕਰ ਲੈ।" ਗਾਲੜ ਨੂੰ ਪੂਰੇ ਜੋਸ਼ ਨਾਲ ਹਿਲਾਇਆ ਜਾਂਦਾ ਸੀ ਜਿਸ ਕਰਕੇ ਸਾਰਾ ਦ੍ਰਿਸ਼ ਹਾਸੇ ਮਜ਼ਾਕ ਵਾਲਾ ਬਣ ਜਾਂਦਾ। ਇਕ ਔਰਤ ਜਿਸ ਨੇ ਆਦਮੀ ਦੇ ਕੱਪੜੇ ਪਾਏ ਹੁੰਦੇ ਉਹ ਕਹਿੰਦੀ, "ਜੇ ਥਾਰੋ ਬੁਢੋ ਮਰਿਓ, ਗਭਰੂ ਕਰ ਲੈ।" ਪਰ ਸੰਤ ਪ੍ਰੇਮ ਸਿੰਘ ਜੀ ਅਗਵਾਈ ਹੇਠ ਵਿਹਾਰ ਸੁਧਾਰ ਕਾਨਫਰੰਸ ਦੇ ਇਕ ਗੁਰਮਤੇ ਤਹਿਤ ਇਹ ਸਪੱਸ਼ਟ ਕਰ ਦਿੱਤਾ ਗਿਆ ਕਿ ਬਿਰਧ ਮਰਨੇ ਪੁਰ ਇਕੱਠ ਦੇ ਸਮੇਂ ਠੱਠਾ ਮਖੌਲ ਬੰਦ ਹੋਵੇਗਾ। ਰਿਸ਼ਤੇਦਾਰ ਸਤਾਰਵੇਂ ਤੋੜੀ ਮਕਾਨ ਹੋ ਜਾਇਆ ਕਰਨ। ਇਸ ਤਰ੍ਹਾਂ ਨਾ ਹੋ ਸਕੇ ਤਾਂ ਦੋ ਮਹੀਨੇ ਦੀ ਹੱਦ ਜ਼ਿਆਦਾ ਤੋਂ ਜ਼ਿਆਦਾ ਮੁਕੱਰਰ ਹੋ ਗਈ। ਸੰਸਕਾਰਾਂ ਸਮੇਂ ਲਾਗਬੰਦ ਕਰਨ ਤੇ ਵੀ ਜ਼ੋਰ ਦਿੱਤਾ ਗਿਆ।

ਸੰਤ ਪ੍ਰੇਮ ਸਿੰਘ ਜੀ ਨੇ ਇਕ ਬਹੁਤ ਹੀ ਮਹੱਤਵਪੂਰਨ ਵਿਹਾਰ ਸੁਧਾਰ ਲਹਿਰ ਚਲਾਈ। ਉਸ ਲਹਿਰ ਦੇ ਤਹਿਤ 1918 ਈ. ਤੋਂ 1947 ਈ. ਤੱਕ ਗੁਜਰਾਤ, ਗੁਜਰਾਂਵਾਲਾ, ਜਲੰਧਰ, ਲਾਹੌਰ, ਲਾਇਲਪੁਰ, ਸ਼ੇਖੂਪੁਰਾ ਅਤੇ ਸਿਆਲਕੋਟ ਜ਼ਿਲ੍ਹਿਆਂ ਵਿਚ ਲਗਾਤਾਰ ਕਈ ਸੰਮੇਲਨ, ਇਕੱਠ ਅਤੇ ਦੀਵਾਨ ਕੀਤੇ ਗਏ। ਇਹਨਾਂ ਸੰਮੇਲਨਾਂ ਵਿਚ ਲੁਬਾਣਾ ਬਰਾਦਰੀ ਦੇ ਵੱਡੀ ਗਿਣਤੀ ਵਿਚ ਲੋਕ ਪੰਜਾਬ ਅਤੇ ਦੂਜੇ ਪ੍ਰਾਂਤਾਂ ਤੋਂ ਹਾਜ਼ਰ ਹੁੰਦੇ। ਚੋਲੀ, ਘੱਗਰਾ, ਨਸ਼ਿਆਂ ਦੀ ਵਰਤੋਂ, ਪਰਦਾ ਪ੍ਰਥਾ ਅਤੇ ਖਰਚੀਲੇ ਰਸਮੋ-ਰਿਵਾਜ਼ਾਂ ਵਿਰੁੱਧ ਪ੍ਰਚਾਰ ਕੀਤਾ ਗਿਆ। ਉਹਨਾਂ ਨੇ ਆਪਣੇ ਤਿਉਹਾਰ ਵੀ ਸਿੱਖ ਧਰਮ ਦੀ ਰਹਿਤ ਮਰਿਆਦਾ ਦੇ ਅਨੁਸਾਰ ਮਨਾਉਣੇ ਸ਼ੁਰੂ ਕਰ ਦਿੱਤੇ।

ਇਕ ਸਪਤਾਹਿਕ ਅਖ਼ਬਾਰ 'ਪ੍ਰੇਮ ਸੰਦੇਸ਼' ਬਾਵਾ ਹਰਨਾਮ ਸਿੰਘ ਦੀ ਸੰਪਾਦਕੀ ਹੇਠ ਕਿਲਾ ਗੁੱਜਰ ਸਿੰਘ ਲਾਹੌਰ ਤੋਂ 1941 ਈ. ਵਿਚ ਸ਼ੁਰੂ ਕੀਤਾ ਗਿਆ। ਸੰਤ ਪ੍ਰੇਮ ਸਿੰਘ ਜੀ ਇਸਦੇ ਸੰਚਾਲਕ ਅਤੇ ਪ੍ਰੋਪਰਾਈਟਰ ਸਨ। ਇਸ ਅਖ਼ਬਾਰ ਰਾਹੀਂ ਸੰਤ ਪ੍ਰੇਮ ਸਿੰਘ ਜੀ ਨੇ ਚਲਣ ਵਾਲੇ ਰਸਮਾਂ ਰਿਵਾਜ਼ਾਂ ਨੂੰ ਖਤਮ ਕੀਤਾ। ਉਹਨਾਂ ਨੇ ਲੁਬਾਣਾ ਬਰਾਦਰੀ ਵਿਚ ਸਮਾਜਿਕ ਬੁਰਾਈਆਂ, ਖਰਚੀਲੇ, ਅਜੀਬ ਅਤੇ ਲੰਮਾ ਸਮਾਂ ਚਲਦੇ ਰੀਤੀ ਰਿਵਾਜ਼ਾਂ ਵਿਰੁੱਧ ਸਭਿਆਚਾਰਕ ਜਾਗਰਤੀ ਲਿਆਂਦੀ ਤੇ ਉਹਨਾਂ ਦੀ ਜੀਵਨ ਜਾਚ ਵਿਚ ਬਹੁਤ ਵੱਡੀ ਤਬਦੀਲੀ ਲਿਆਂਦੀ। ਇਹ ਅਖ਼ਬਾਰ ਬਹੁਤ ਉੱਚੇ ਪੱਧਰ ਦਾ ਅਖ਼ਬਾਰ ਸੀ ਜਿਸ ਵਿਚ ਬਹੁਤ ਵਿਦਵਤਾ ਭਰਪੂਰ ਲੇਖ ਆਉਂਦੇ ਸਨ। ਇਸਦੀਆਂ ਕਾਪੀਆਂ ਕੇਵਲ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੱਕ ਹੀ ਨਹੀਂ ਸਗੋਂ ਪੰਜਾਬ ਤੋਂ ਬਾਹਰ ਦੂਜੇ ਪ੍ਰਾਂਤਾਂ ਵਿਚ ਵੀ ਜਾਂਦੀਆਂ ਸਨ। ਇਸਤੋਂ ਬਿਨਾਂ 1943 ਈ. ਵਿਚ ਲੁਬਾਣਾ ਬਰਾਦਰੀ ਨੂੰ ਆਪਣੇ ਇਤਿਹਾਸ ਬਾਰੇ ਪੂਰੀ ਜਾਣਕਾਰੀ ਦੇਣ ਲਈ ਸੰਤ ਪ੍ਰੇਮ ਸਿੰਘ ਜੀ ਨੇ ਇਕ ਬਹੁਤ ਪ੍ਰਸਿੱਧ ਪੁਸਤਕ 'ਜੀਵਨ ਬਾਬਾ ਮੱਖਣ ਸ਼ਾਹ ਲੁਬਾਣਾ' ਦੀਵਾਨ ਸਿੰਘ ਮਹਿਰਮ ਅਤੇ ਬਾਵਾ ਹਰਨਾਮ ਸਿੰਘ ਤੋਂ ਲਿਖਵਾਈ। ਸੰਤ ਪ੍ਰੇਮ ਸਿੰਘ ਜੀ ਨੇ ਤਿੰਨ ਹੋਰ ਪੁਸਤਕਾਂ ਵਿਆਹ ਵਿਰੋਧ, ਘੁੰਡਵਾਲੀ ਅਤੇ ਰਸਮਤੋੜ ਛਪਾਉਣ ਦੀ ਯੋਜਨਾ ਵੀ ਬਣਾਈ।

ਆਪਣੇ ਸ਼ਲਾਘਾਯੋਗ ਯਤਨਾਂ ਕਰਕੇ ਸੰਤ ਪ੍ਰੇਮ ਸਿੰਘ ਜੀ ਆਪਣੀ ਬਰਾਦਰੀ ਦੇ ਲੋਕਾਂ ਵਿਚ ਸਮਾਜਿਕ ਅਤੇ ਸਭਿਆਚਾਰਕ ਤਬਦੀਲੀ ਲਿਆਉਣ ਵਿਚ ਸਫਲ ਹੋਏ। ਆਪ ਜੀ ਦੇ ਲਗਾਤਾਰ ਯੋਜਨਾਬੱਧ ਯਤਨਾਂ ਕਰਕੇ ਉਨ੍ਹਾਂ ਵਿਚ ਪ੍ਰਚਲਿਤ ਕਈ ਤਰ੍ਹਾਂ ਦੇ ਗਹਿਣੇ ਬੰਦ ਹੋ ਗਏ। ਕਈਆਂ ਨੇ ਆਪਣੇ ਨੱਕਾਂ ਅਤੇ ਕੰਨਾਂ ਨੂੰ ਵਿੰਨਣਾ ਬੰਦ ਕਰ ਦਿੱਤਾ। ਉਹਨਾਂ ਦੀ ਤੰਗ ਚੋਲੀ ਦੀ ਥਾਂ ਵਧੀਆ ਕਮੀਜ਼ ਅਤੇ ਖੁੱਲ੍ਹੇ ਘੱਗਰੇ ਦੀ ਥਾਂ ਸਲਵਾਰ ਨੇ ਲੈ ਲਈ।

ਪੁਰਸ਼ਾਂ ਵਿਚ ਦੋਹਾਂ ਚਾਦਰਾਂ (ਧੋਤੀਆਂ) ਦੀ ਥਾਂ ਪੈਂਟ ਅਤੇ ਕਮੀਜ਼ ਨੇ ਲੈ ਲਈ। ਉਨ੍ਹਾਂ ਦੀ ਲੁਬਾਣਕੀ ਬੋਲੀ ਦੀ ਥਾਂ ਪੰਜਾਬੀ ਭਾਸ਼ਾ ਨੇ ਲੈ ਲਈ। ਇਸ ਤਰ੍ਹਾਂ ਲੁਬਾਣਾ ਬਰਾਦਰੀ ਦਾ ਸਭਿਆਚਾਰ, ਪੰਜਾਬੀ ਅਤੇ ਸਿੱਖ ਸਭਿਆਚਾਰ ਦੇ ਪ੍ਰਭਾਵ ਹੇਠ ਆ ਗਿਆ।

ਸੰਖੇਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਸੰਤ ਪ੍ਰੇਮ ਸਿੰਘ ਜੀ ਦੇ ਜਨਮ ਸਮੇਂ ਲੁਬਾਣਾ ਬਰਾਦਰੀ ਦੇ ਸਭਿਆਚਾਰ ਦੇ ਕਈ ਅਲੱਗ ਅਤੇ ਨਿਵੇਕਲੇ ਪਹਿਲੂ ਸਨ। ਉਨ੍ਹਾਂ ਦਾ ਪਹਿਰਾਵਾ, ਕੇਸ ਸ਼ਿੰਗਾਰ, ਗਹਿਣੇ, ਖੇਡਾਂ ਅਤੇ ਲੁਬਾਣਕੀ ਬੋਲੀ ਉਨ੍ਹਾਂ ਨੂੰ ਬੜੀ ਅਸਾਨੀ ਨਾਲ ਦੂਜਿਆਂ ਤੋਂ ਅਲੱਗ ਕਰਦੇ ਸਨ। ਉਨ੍ਹਾਂ ਵਿਚ ਸਮਾਜਿਕ ਬੁਰਾਈਆਂ ਜਿਵੇਂ ਨਸ਼ਿਆਂ ਦੀ ਵਰਤੋਂ, ਛੂਤਛਾਤ, ਪਰਦਾ ਅਤੇ ਅਨਪੜ੍ਹਤਾ ਪ੍ਰਚਲਤ ਸਨ। ਸੰਤ ਪ੍ਰੇਮ ਸਿੰਘ ਜੀ ਰਾਹੀਂ ਸਿੱਖ ਧਰਮ ਅਤੇ ਸਿੱਖਿਆ ਦੇ ਪ੍ਰਚਾਰ, ਅੰਮ੍ਰਿਤ ਸੰਚਾਰ ਅਤੇ ਵਿਹਾਰ ਸੁਧਾਰ ਲਹਿਰ ਸਦਕਾ ਉਨ੍ਹਾਂ ਦੀਆਂ ਸਮਾਜਿਕ ਬੁਰਾਈਆਂ ਬਹੁਤ ਹੱਦ ਤੱਕ ਦੂਰ ਹੋ ਗਈਆਂ। ਉਨ੍ਹਾਂ ਦੇ ਸਭਿਆਚਾਰ ਦੇ ਨਿਵੇਕਲੇ ਪੱਖ ਪੰਜਾਬੀ ਸੱਭਿਆਚਾਰ ਵਿਚ ਬਦਲ ਗਏ। ਇਸ ਤੋਂ ਬਿਨਾਂ ਉਹਨਾਂ ਨੇ ਲੁਬਾਣਾ ਬਰਾਦਰੀ ਵਿਚ ਪ੍ਰਚਲਿਤ ਰੀਤੀ ਰਿਵਾਜ਼ਾਂ ਨੂੰ ਸਾਦਾ, ਸਰਲ, ਸਸਤਾ ਅਤੇ ਸੰਖੇਪ ਕਰਨ ਵਿਚ ਅਹਿਮ ਯੋਗਦਾਨ ਪਾਇਆ। ਇਸ ਨਾਲ ਲੁਬਾਣਾ ਬਰਾਦਰੀ ਦੇ ਲੋਕਾਂ ਨੂੰ ਬਹੁਤ ਰਾਹਤ ਮਿਲੀ।

# ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਫਰਵਰੀ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

1. 31 **ਮਾਰਚ** 2017 ਪ੍ਰਧਾਨ ਦੀ ਚੋਣ ਹੋਈ ਤਾਂ ਸ. ਹਰਬੰਸ ਸਿੰਘ ਚੋਣ ਹਾਰ ਗਏ ਤਾਂ ਉਹ ਇਸ ਹਾਰ ਨੂੰ ਨਾਂ ਸਹਾਰਦੇ ਹੋਏ ਸ. ਗੁਰਚਰਨ ਸਿੰਘ ਸਾਬਕਾ ਪ੍ਰਧਾਨ ਨਾਲ ਰਲ ਕੇ ਇਕ ਲੇਟਰ ਹੈਡ ਉਪਰ ਫਾਉਂਡੇਸ਼ਨ ਦੇ ਅਕਾਉਂਟ ਸੀਲ ਕਰਨ ਲਈ ਬੈਂਕ ਨੂੰ ਲਿਖ ਦਿੱਤਾ ਅਤੇ ਰਜਿਸਟਰਾਰ ਦੇ ਦਫਤਰ ਜਾ ਕੇ ਸ਼ਿਕਾਇਤ ਕਰਨ ਦੀ ਕੋਸਿਸ਼ ਕੀਤੀ। ਨਵੀਂ ਚੁਣੀ ਹੋਈ ਮੈਨੇਜਮੈਂਟ ਨੇ ਭਵਨ ਦੇ ਖਾਤੇ ਵੀ ਚਾਲੂ ਕਰਵਾਏ ਅਤੇ ਰਜਿਸਟਰਾਰ ਨੇ ਵੀ ਇਨ੍ਹਾਂ ਦੀ ਕੋਈ ਗੱਲ ਨਾ ਸੁਣੀ। ਆਖਿਰ ਆਪਣੀ ਹਾਰ ਸ. ਹਰਬੰਸ ਸਿੰਘ ਨੂੰ ਮੰਨਣੀ ਪਈ ਅਤੇ ਉਸ ਤੋ ਬਾਅਦ ਤਿੰਨ ਸਾਲ ਭਵਨ ਵਿੱਚ ਕੋਈ ਵੀ ਸੇਵਾ ਵਿੱਚ ਹਿੱਸਾ ਨਹੀ ਪਾਇਆ। ਕਾਰਜਕਰਨੀ ਦੀ ਪਹਿਲੀ ਮੀਟਿੰਗ ਵਿੱਚ ਮੈਂਬਰਾਂ ਨੇ ਦੋਹਾਂ ਨੂੰ ਮੈਂਬਰਸ਼ਿਪ ਤੋ ਕੱਢ ਦੇਣ ਲਈ ਕਿਹਾ ਪਰ ਮੈਨੇਜਮੈਂਟ ਨੇ ਸਹੀ ਸੋਚ ਰੱਖਦਿਆਂ ਹੋਇਆਂ ਇਸ 'ਤੇ ਕੋਈ ਐਕਸ਼ਨ ਨਹੀਂ ਲਿਆ।

ਮੈਨੇਜਮੈਂਟ ਨੇ ਚਾਰਜ ਸੰਭਾਲਦਿਆਂ ਹੀ ਕੰਮ ਸ਼ੁਰੂ ਕਰ ਦਿਤੇ। ਭਾਈ ਮਨੀ ਸਿੰਘ ਬਲਾਕ ਵਿੱਚ ਲਿਫਟ ਦਾ ਕੰਮ ਪੂਰਾ ਕਰਵਾ ਕੇ ਉਸਨੂੰ ਵਰਤਨ ਵਿੱਚ ਲਿਆਂਦਾ। ਭਾਈ ਮਨੀ ਸਿੰਘ ਬਲਾਕ ਦੇ ਸਾਹਮਣੇ ਵਾਲਾ ਵਿਹੜਾ ਕੱਚਾ ਅਤੇ ਉੱਚਾ ਨੀਵਾਂ ਸੀ ਜਿਸ ਕਾਰਨ ਭਵਨ ਦੀ ਦਿਖ ਠੀਕ ਨਹੀ ਲੱਗਦੀ ਸੀ। ਸਾਰੇ ਵਿਹੜੇ ਵਿੱਚ ਗਰੇਨਾਇਟ ਪੱਥਰ ਲਗਵਾ ਕੇ ਭਵਨ ਦੀ ਸੁੰਦਰਤਾ ਨੂੰ ਹੋਰ ਚਾਰ ਚੰਦ ਲੱਗ ਗਏ ਅਤੇ ਵਿਹੜੇ ਦੀ ਖਸਤਾ ਹਾਲਤ ਵੀ ਸੁਧਰ ਗਈ। ਭਵਨ ਦੇ ਔਡੀਟੋਰੀਅਮ ਵਿੱਚ 290 ਕੁਰਸੀਆਂ ਠੀਕ ਕਰਵਾਈਆਂ ਗਈਆਂ ਅਤੇ ਔਡੀਟੋਰੀਅਮ ਦੇ ਦੋਵੇਂ ਵਾਸ਼ਰੂਮ ਕਈ ਸਾਲਾ ਤੋਂ ਬੰਦ ਪਏ ਸਨ ਜਦੋਂ ਖੋਲ ਕੇ ਦੇਖਿਆ ਤਾਂ ਸਾਰਾ ਮਟੀਰੀਅਲ ਚੋਰੀ ਹੋ ਚੁੱਕਾ ਸੀ, ਔਡੀਟੋਰੀਅਮ ਦੀਆਂ ਸਭ ਲਾਇਟਾਂ ਖਰਾਬ ਸੀ ਸਭ ਠੀਕ ਕਰਵਾਈਆਂ। ਦੋਵੇਂ ਵਾਸ਼ਰੂਮਾਂ ਦਾ ਕੰਮ ਕੰਪਲੀਟ ਕਰਕੇ ਵਰਤਨਯੋਗ ਕਰ ਦਿੱਤਾ ਗਿਆ। 2004 ਤੋਂ 2006 ਤੱਕ ਦਾ ਲੀਜ਼ ਪੈਸਾ ਅਤੇ ਪ੍ਰਾਪਰਟੀ ਟੈਕਸ ਦੋ ਲੱਖ ਸੀ ਪਰ 2017 ਤੱਕ ਵਿਆਜ ਅਤੇ ਪਿਨਲਟੀ ਸਮੇਤ 8 ਲੱਖ ਬਣ ਚੁੱਕਾ ਸੀ ਵੀ ਜਮ੍ਹਾ ਕਰਵਾ ਦਿੱਤਾ ਗਿਆ। ਭਵਨ ਦੀ ਸਾਰੀ ਬਿਲਡਿੰਗਾਂ ਦੇ ਛੱਤਾ ਦੀ ਵੀ ਬੜੀ ਤਰਸਯੋਗ ਹਾਲਤ ਸੀ ਸਭ ਛੱਤਾਂ ਠੀਕ ਕਰਵਾ ਦਿੱਤੀਆਂ। ਭਵਨ ਦੇ ਗੁਰੂ ਘਰ ਨੂੰ ਸੁੰਦਰ ਬਣਾਉਣ ਲਈ ਪਾਲਕੀ ਸਾਹਿਬ ਹੋਰ ਸੋਧਾਂ ਕੀਤੀਆਂ ਗਈਆਂ।

ਸਿੱਖ ਧਰਮ ਨਾਲ ਸਬੰਧਿਤ ਸਭ ਧਾਰਮਿਕ ਸਥਾਨ ਜਿਵੇਂ ਕਿ ਹਜ਼ੂਰ ਸਾਹਿਬ, ਦਰਬਾਰ ਸਾਹਿਬ, ਨਾਢਾ ਸਾਹਿਬ, ਅਤੇ ਡੇਰਾ ਬਾਬਾ ਹੋਤੀ ਮਰਦਾਨ ਮਕਸੂਦਪੁਰ ਕਪੂਰਥਲਾ ਆਦਿ ਨੂੰ ਭਵਨ ਦਾ ਮੈਗਜੀਨ ਲੁਬਾਣਾ ਸੇਵਕ ਭੇਜਣਾ ਸ਼ੁਰੂ ਕਰ ਦਿੱਤਾ ਗਿਆ ਹੈ, ਨਤੀਜੇ ਵਜੋ ਸਭ ਧਾਰਮਿਕ ਸਥਾਨਾ ਦੇ ਮੈਗਜੀਨ ਲੁਬਾਨਾ ਭਵਨ ਵਿੱਚ ਆ ਰਹੇ ਹਨ। ਭਵਨ ਵਿੱਚ ਸਭ ਸ਼ੈਡਾ ਦੀ ਹਾਲਤ ਬਹੁਤ ਖਸਤਾ ਸੀ, ਸਭ ਸ਼ੈਡਾ ਉਪਰ ਨਵੀਆਂ ਸ਼ੀਟਾਂ ਪਾ ਦਿੱਤੀਆਂ ਗਈਆਂ ਹਨ।

ਭਵਨ ਵਿੱਚ ਸੋਲਰ ਸਿਸਟਮ ਜ਼ਰੂਰੀ ਹੋ ਗਿਆ ਸੀ, 20-25 ਲੱਖ ਦੀ ਲਾਗਤ ਨਾਲ ਸੋਲਰ ਸਿਸਟਮ ਲਗਾ ਦਿੱਤਾ ਗਿਆ ਹੈ, ਜਿਸ ਨਾਲ ਹਰ ਮਹੀਨੇ 50-60 ਹਜ਼ਾਰ ਦਾ ਲਾਭ ਹੋ ਰਿਹਾ ਹੈ। ਬਿਜਲੀ ਮਹਿਕਮੇ ਦੀਆਂ ਹਦਾਇਤ ਮੁਤਾਬਿਕ 50 ਕਿਲੋਵਾਟ, ਲੋਡ ਵਾਲਿਆਂ ਨੂੰ ਕਪੈਸਟਰ ਲਗਵਾਣਾ ਜਰੂਰੀ ਸੀ ਜੇ ਨਾ ਲੱਗਾ ਹੋਵੇ ਤਾਂ ਹਰ ਮਹੀਨੇ ਦੱਸ ਹਜਾਰ ਰੁਪਏ ਦੀ ਪਨਲਟੀ ਲੱਗਦੀ ਸੀ, ਕਪੈਸਟਰ ਲਗਾ ਦਿੱਤਾ ਗਿਆ ਹੈ, ਜਿਸ ਕਾਰਨ ਭਵਨ ਨੂੰ ਦੱਸ ਹਜਾਰ ਦਾ ਲਾਭ ਹਰ ਮਹੀਨੇ ਹੋ ਰਿਹਾ ਹੈ। ਪੈਕ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਓ.ਬੀ.ਸੀ. ਦੀ ਰਿਜ਼ਰਵੇਸ਼ਨ ਲਾਗੂ ਨਹੀ ਕੀਤੀ ਗਈ ਜਿਸ ਕਾਰਨ ਹਰ ਸਾਲ 200 ਬੱਚਿਆਂ ਦੇ ਦਾਖਲੇ ਦਾ ਘਾਟਾ ਪੈ ਰਿਹਾ ਹੈ। ਇਹ ਮਸਲਾ ਭਾਰਤ ਸਰਕਾਰ ਨਾਲ ਲੈ ਲਿਆ ਗਿਆ ਹੈ। ਕੋਈ ਹੱਲ ਨਾ ਹੋਣ ਕਾਰਨ ਅਸੀ ਪੰਜ ਹੋਰ ਭਵਨਾਂ ਨਾਲ ਰਲ ਹਾਈਕੋਰਟ ਵਿੱਚ ਕੇਸ ਪਾਇਆ ਸੀ ਜੋ ਕੇਸ ਡਬਲ ਬੈਂਚ ਵਿੱਚ ਚੱਲ ਰਿਹਾ ਹੈ ਬਹੁਤ ਜਲਦੀ ਫੈਸਲਾ ਹੱਕ ਵਿੱਚ ਆਉਣ ਦੀ ਉਮੀਦ ਹੈ।

ਨਾਢਾ ਸਾਹਿਬ ਗੁਰਦੁਵਾਰਾ ਸਾਹਿਬ ਵਿੱਚ ਲਿਖੇ ਇਤਿਹਾਸ ਦੇ ਬੋਰਡ ਵਿੱਚੋ ਨਾਢੂ ਸ਼ਾਹ ਨਾਲੋ ਲੁਬਾਣਾ ਲਫਜ ਹਟਾ ਦਿੱਤਾ ਗਿਆ ਸੀ ਜੋ ਕਾਫੀ ਮਿਹਨਤ ਅਤੇ ਕਈ ਮੀਟਿੰਗਾਂ ਤੋਂ ਬਾਦ ਫਿਰ ਲਿਖਵਾ ਦਿੱਤਾ ਗਿਆ ਹੈ। ਭਵਨ ਦੀ ਬੇਸਮੈਂਟ ਦੀ ਹਾਲਤ ਬਹੁਤ ਖਸਤਾ ਸੀ ਜਿਸ ਦੀ ਮੁਰੰਮਤ ਕਰਵਾ ਦਿੱਤੀ ਗਈ ਹੈ ਅਤੇ ਬਹੁਤ ਸੁੰਦਰ ਦਿਖ ਬਣਵਾ ਦਿਤੀ ਹੈ। ਭਵਨ ਦੀ ਮੈਂਬਰਸ਼ਿਪ 4200 ਤੱਕ ਪਹੁੰਚ ਗਈ ਹੈ। ਭਵਨ ਦੇ ਸਟਾਫ ਅਤੇ ਵਾਸਤੇ ਬਹੁਤ ਸੁੰਦਰ ਦਫਤਰ ਬਣਾਇਆ ਗਿਆ ਹੈ, ਜਿਸ ਵਿੱਚ ਬੈਠ ਕਿ ਸਟਾਫ ਅਤੇ ਅਹੁਦੇਦਾਰ ਅਰਾਮ ਨਾਲ ਕੰਮ ਕਰ ਸਕਦੇ ਹਨ। ਭਵਨ ਵਿੱਚ ਕੋਈ ਕਾਨਫਰੰਸ ਰੂਮ ਨਹੀ ਸੀ। ਬਹੁਤ ਸੁੰਦਰ ਕਾਨਫਰੰਸ ਰੂਮ ਬਣਾਇਆ ਗਿਆ ਹੈ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਵਲੋ ਪੰਜਾਬ, ਚੰਡੀਗੜ੍ਹ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਹੋਰ ਸਟੇਟਾਂ ਦੇ ਹੋਣਹਾਰ ਬੱਚਿਆਂ ਨੂੰ ਬਿਨਾ ਭੇਦ-ਭਾਵ ਮੈਰਿਟ ਕਮ ਮੀਨਜ ਸਕਾਲਰਸ਼ਿਪ ਤਹਿਤ ਹਰ ਸਾਲ 6-7 ਲੱਖ ਰੁਪਏ ਦੇ ਵਜੀਫੇ ਦਿੱਤੇ ਜਾਂਦੇ ਹਨ। ਕਈ ਸਾਲਾਂ ਤੋਂ ਸਮਾਜ ਸੁਧਾਰ ਦੀਆਂ ਗੱਲਾਂ ਕੀਤੀਆਂ ਜਾਦੀਆਂ ਸਨ ਪਰ ਕਿਸੇ ਵੀ ਮੈਨੇਜਮੈਂਟ ਨੇ ਕੋਈ ਸ਼ਲਾਘਾਂ ਯੋਗ ਕਦਮ ਨਹੀਂ ਚੁਕਿਆ। ਅਸੀ ਇੰਟਰਸਟੇਟ ਸਮਾਜ ਸੁਧਾਰ ਫੋਰਮ ਦਾ ਗਠਨ ਕੀਤਾ

ਹੈ, ਇਸ ਫੋਰਮ ਦੇ 21 ਮੈਬਰ ਪੰਜਾਬ , ਹਰਿਆਣਾ, ਹਿਮਾਚਲ ਅਤੇ ਜੰਮੂ ਕਸ਼ਮੀਰ ਤੋ ਲਏ ਹਨ ਇਸ ਦੀਆਂ ਤਿੰਨ ਮੀਟਿੰਗਾਂ ਹੋ ਚੁੱਕੀਆ ਹਨ ਅਤੇ ਕੁਝ ਪੰਜ ਵਿਸ਼ਿਆਂ ਤੇ ਵਿਚਾਰ ਕਰਕੇ ਇਕ ਇਸ਼ਤਿਹਾਰ ਬਣਾ ਕੇ ਗੁਰੂ ਘਰਾਂ, ਪੰਚਾਇਤ ਘਰਾਂ ਵਿੱਚ ਲਗਵਾਣ ਵਾਸਤੇ ਭੇਜ ਦਿੱਤਾ ਗਿਆ ਹੈ। ਇਸ ਤੋ ਬਾਅਦ ਰਿਜਲਟ ਵੀ ਆ ਰਹੇ ਹਨ, ਉਮੀਦ ਹੈ ਇਸ ਵਿੱਚ ਅਸੀਂ ਜ਼ਰੂਰ ਕਾਮਯਾਬ ਹੋਵਾਂਗੇ। ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਬਲਾਕ ਲੇਵਲ ਕਮੇਟੀਆਂ ਬਣਾ ਕੇ ਇਹ ਸੁਨੇਹਾ ਲੋਕਾਂ ਤੱਕ ਪਹੁੰਚਾਇਆ ਜਾਵੇ।

**2. ਕਾਰਜਕਰਨੀ ਕਮੇਟੀ ਦੀ ਮੀਟਿੰਗ** :- 8 ਫਰਵਰੀ 2020 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ 30 ਏ ਚੰਡੀਗੜ੍ਹ ਵਿੱਚ ਕਾਰਜਕਰਨੀ ਕਮੇਟੀ ਦੀ ਮੀਟਿੰਗ ਹੋਈ ਇਸ ਮੀਟਿੰਗ ਵਿੱਚ ਗੁਰੂ ਲਾਧੋ ਰੇ ਭਵਨ ਜੋ ਨਰਾਇਣਗੜ੍ਹ ਵਿੱਚ ਬਣ ਰਿਹਾ ਹੈ ਬਾਰੇ ਚਰਚਾ ਕੀਤੀ ਗਈ। ਸ. ਗੁਰਪਾਲ ਸਿੰਘ ਨਰਾਇਣਗੜ੍ਹ ਜੀ ਨੇ ਕਾਰਜਕਰਨੀ ਕਮੇਟੀ ਵਿੱਚ ਬੇਨਤੀ ਕੀਤੀ ਕਿ ਇਸ ਭਵਨ ਵਾਸਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਡੇਸ਼ਨ ਦੇ ਸਮੂਹ ਮੈਂਬਰ ਇਸ ਭਵਨ ਵਾਸਤੇ ਵੱਧ ਤੋ ਵੱਧ ਸੇਵਾ ਪਾਉਣ ਆਖਿਰ ਵਿੱਚ ਇਹ ਪਾਸ ਕੀਤਾ ਗਿਆ ਕਿ ਭਵਨ ਵਲੋ 10 ਲੱਖ ਦੀ ਹੈਲਪ ਕੀਤੀ ਜਾਵੇਗੀ ਜਿਸ ਵਿੱਚੋਂ 2 ਲੱਖ ਦਿੱਤਾ ਜਾ ਚੁੱਕਾ ਹੈ ਬਾਕੀ ਸਮੇਂ ਸਮੇਂ ਸਿਰ ਕਿਸ਼ਤ ਵਿੱਚ ਦਿੱਤਾ ਜਾਵੇਗਾ। ਇਸ ਮੀਟਿੰਗ ਵਿਚ ਆਪਣੇ ਤੌਰ ਤੇ ਸ. ਗੁਲਸ਼ਨ ਕੁਮਾਰ ਸਿੰਘ ਨੇ 1 ਲੱਖ, ਪ੍ਰਧਾਨ ਜਗੀਰ ਸਿੰਘ ਲਾਲੀਆ ਨੇ 1 ਲੱਖ, ਸ. ਬਲਵਿੰਦਰ ਸਿੰਘ ਮੁਲਤਾਨੀ ਨੇ ਗੇਟ ਦੀ ਸੇਵਾ, ਸ. ਨਿਰਮਲ ਸਿੰਘ ਨੇ ਪੱਖਿਆਂ ਦੀ ਸੇਵਾ ਅਤੇ ਸ. ਗੁਰਮੀਤ ਸਿੰਘ ਨਡਾਲਾ ਜੀ ਨੇ 10 ਹਜ਼ਾਰ ਦੀ ਸੇਵਾ ਕਰਨ ਦਾ ਵਾਇਦਾ ਕੀਤਾ।

ਮੀਟਿੰਗ ਦੇ ਆਖੀਰ ਵਿੱਚ ਅਜੇਡਾਂ ਮੁਤਾਬਕ ਇਲੈਕਸ਼ਨ ਕਮੇਟੀ ਦਾ ਗਠਨ ਕਰਨ ਦਾ ਫੈਸਲਾ ਕੀਤਾ ਗਿਆ। ਇਲੈਕਸ਼ਨ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ। ਹੇਠ ਲਿਖੇ ਮੈਂਬਰ ਚੁਣੇ ਗਏ ਹਨ:–

1. ਸ. ਨਰਿੰਦਰ ਸਿੰਘ ਸੀ.ਈ.ਓ. (ਰਿਟਾ.)
2. ਸ. ਮਨਜੀਤ ਸਿੰਘ ਮੁਲਤਾਨੀ ਸੀਨੀਅਰ ਆਡਿਟ ਅਫਸਰ (ਰਿਟਾ.)
3. ਸ. ਜਸਪਾਲ ਸਿੰਘ
4. ਬਰਗੇਡੀਅਰ ਮਨਜੀਤ ਸਿੰਘ
5. ਸ਼੍ਰੀਮਤੀ ਗੁਰਦੀਪ ਕੌਰ
6. ਸ. ਰਾਜਪਾਲ ਸਿੰਘ (ਰਿਜ਼ਰਵ)

ਸਾਬਕਾ ਪ੍ਰਧਾਨ ਸ. ਗੁਰਚਰਨ ਸਿੰਘ ਜੀ ਅਤੇ ਮੌਜੂਦਾ ਪ੍ਰਧਾਨ ਜਗੀਰ ਸਿੰਘ ਲਾਲੀਆ ਵੀ ਕਮੇਟੀ ਦੇ ਮੈਂਬਰ ਹੋਣਗੇ। ਇਸ ਕਮੇਟੀ ਦੇ ਕੋ–ਆਰਡੀਨੇਟਰ ਸ. ਰਵਿੰਦਰ ਸਿੰਘ ਜੀ ਹੋਣਗੇ। ਚੋਣ ਦੀ ਮਿਤੀ 29–03–2020 ਸਮਾਂ 8 ਤੋਂ 4 ਤੱਕ ਨਿਸ਼ਚਤ ਕਰ ਦਿਤਾ ਗਿਆ ਹੈ।



**3. ਮੈਰਿਟ ਕਮ ਮੀਨਜ ਸਕਾਲਰਸ਼ਿਪ** :- ਮੈਰਿਟ ਕਮ ਮੀਨਜ ਸਕਾਲਰਸ਼ਿਪ ਦੇ ਸਭ ਚੈੱਕ ਭੇਜ ਦਿੱਤੇ ਗਏ ਹਨ। ਇਕ ਚੈਕ ਪਠਾਨਕੋਟ ਤੋਂ ਵਾਪਸ ਆਇਆ ਸੀ ਉਹ ਵੀ ਸੋਧ ਕਰਨ ਉਪਰੰਤ ਭੇਜ ਦਿਤਾ ਗਿਆ ਹੈ। 27 ਅਰਜੀਆ ਜੋ ਚੋਣ ਵਿੱਚ ਨਹੀਂ ਆਈਆਂ ਸਨ, ਜਿਨ੍ਹਾਂ ਦੇ ਪਿਤਾ ਜੀ ਨਹੀਂ ਹਨ, ਇਹ ਸਭ 27

ਵਿਦਿਆਰਥੀਆਂ ਨੂੰ 3600 ਰੁਪਏ ਦੇ 27 ਚੈੱਕ ਭੇਜ ਦਿੱਤੇ ਗਏ ਹਨ। ਤਿੰਨ ਮਹੀਨਿਆਂ ਦਾ ਸਕਾਲਰਸ਼ਿਪ ਜੋ ਬਾਕੀ ਰਹਿੰਦਾ ਹੈ ਮਾਰਚ ਦੇ ਅਖੀਰਲੇ ਹਫਤੇ ਤੋਂ ਪਹਿਲਾਂ ਭੇਜ ਦਿੱਤੇ ਜਾਣਗੇ।



छात्राओं को शिक्षा में मदद करेगा फाउंडेशन

संवाद सहयोगी, बराड़ा: बाबा मक्खन शाह लुबाना फाउंडेशन चंडीगढ़ ने निर्धन व जरूरतमंद छात्राओं की ओर मदद का हाथ बढ़ाया है। फाउंडेशन की प्रबंधक समिति ने पिताविहीन छात्राओं के कैरियर निर्माण के लिए प्रत्येक छात्रा को 3600 रुपये छात्रवृत्ति प्रदान करेगा।

स्थानीय संत मोहन सिंह लबाना गर्ल्स कॉलेज की प्रबंधक समिति ने फाउंडेशन के इस प्रयास की प्रशंसा करते हुए उनका आभार प्रकट किया है। कॉलेज प्राचार्य डा. प्रवीण वर्मा तथा प्रबंधन समिति प्रधान दीदार सिंह ने फाउंडेशन के इस पुनीत कार्य की सराहना करते हुए बताया कि फाउंडेशन पूर्व में भी इस प्रकार के समाज सुधार से जुड़े कार्य व अभियानों में उल्लेखनीय योगदान देता रहा है। फाउंडेशन की आर्थिक सहायता से शिक्षा नवोन्मेष व स्वावलंबन को विशेष बल मिलेगा।

दानबीर मक्खन शाह लुबाना फाउंडेशन के पदाधिकारी छात्राओं को चेक वितरित करते • पीआरओ



बराड़ा: स्टाफ सदस्यों के साथ कॉलेज छात्राएं। (छाया : रहमदीन)

पिताविहीन छात्राओं की फाऊंडेशन ने वित्तीय मदद की

बराड़ा, 13 फरवरी (रहमदीन): संत मोहन सिंह खालसा लबाना गर्ल्स कॉलेज की पिताविहीन 21 छात्राओं को बाबा मक्खन शाह लबाना फाऊंडेशन चंडीगढ़ की ओर से 3600 रुपए की छात्रवृत्ति देकर उनका मनोबल बढ़ाया।

फाऊंडेशन सदस्यों ने कॉलेज छात्राओं को आश्वासन दिया कि अगर यह छात्राएं अपने कैरियर में आगे बढ़ना चाहती है तो भी फाउंडेशन इन छात्राओं को वित्तीय रूप से सहायता प्रदान करेगी।

कॉलेज प्रिंसिपल डॉ प्रवीण वर्मा कमेटी प्रधान दीदार सिंह व अन्य कमेटी सदस्यों ने बाबा मक्खन शाह लबाना फाउंडेशन सदस्यों का छात्राओं की वितीय मदद के लिए आभार जताया।

4. **ਯੂਨੀਵਰਸਿਟੀ ਵਿੱਚ ਰਿਜ਼ਰਵੇਸ਼ਨ ਬਾਰੇ** :- 3 ਫਰਵਰੀ ਨੂੰ ਹਾਈਕੋਰਟ ਨੇ ਡਬਲ ਬੈਂਚ ਤੇ ਇਸ ਕੇਸ ਦੀ ਸੁਣਵਾਈ ਹੋਈ ਸੀ ਜਿਸ ਵਿੱਚ ਸਾਡੇ ਵਕੀਲ ਦੇ ਸੁਪਰੀਮ ਕੋਰਟ ਦੇ ਫੈਸਲੇ ਮੁਤਾਬਕ ਬਹਿਸ ਕੀਤੀ ਅਤੇ ਕਿਹਾ ਕਿ ਯੂਨੀਵਰਸਿਟੀ ਸੈਂਟਰਲੀ ਸਪਾਂਸਰਡ ਯੂਨੀਵਰਸਿਟੀ ਹੈ। ਇਸ ਯੂਨੀਵਰਸਿਟੀ ਵਿੱਚ ਦੀ ਰਿਜ਼ਰਵੇਸ਼ਨ ਅਤਿ ਜ਼ਰੂਰੀ ਹੈ। ਇਸ ਕੰਮ ਬਾਰੇ ਆਖਰੀ ਫੈਸਲਾ ਬਹੁਤ ਜਲਦੀ ਆਉਣ ਦੀ ਸੰਭਾਵਨਾ ਹੈ।

5. **ਸੋਲਰ ਸਿਸਟਮ ਬਾਰੇ** :- ਭਵਨ ਦਾ ਸੋਲਰ ਸਿਸਟਮ ਬਹੁਤ ਕਾਮਯਾਬੀ ਨਾਲ ਚਲ ਰਿਹਾ ਹੈ। ਇਸ ਸਿਸਟਮ ਨਾਲ ਹਰ ਮਹੀਨੇ 50,000/- ਤੋਂ 60,000/- ਭਵਨ ਨੂੰ ਬਿਜਲੀ ਦੇ ਬਿੱਲ ਵਿੱਚ ਅਡਜਸਟਮੈਂਟ ਹੋ ਰਹੀ ਹੈ। ਸੋਲਰ ਸਿਸਟਮ ਦੀ ਰੀਡਿੰਗ ਹਰ ਰੋਜ਼ ਦੇਖੀ ਜਾ ਰਹੀ ਹੈ।

6. **ਰਿਪੇਅਰ ਦੇ ਕੰਮ ਬਾਰੇ** :- ਭਵਨ ਦੀਆਂ ਸਾਰੀ ਬਿਲਡਿੰਗ ਅਤੇ ਕੁਝ ਕਮਰਿਆਂ ਵਿੱਚ ਜਿੱਥੇ ਜ਼ਰੂਰਤ ਹੈ ਸਫੇਦੀ ਅਤੇ ਰਿਪੇਅਰ ਦਾ ਕੰਮ ਚਲ ਰਿਹਾ ਹੈ। ਸਾਰਾ ਕੰਮ 15 ਦਿਨਾ ਤੱਕ ਪੂਰਾ ਹੋ ਜਾਵੇਗਾ। ਭਵਨ ਵਿੱਚ ਪਾਵਰ ਕਪੈਸਟਰ ਜੋ ਲਗਾਨੇ ਵਾਲਾ ਸੀ ਉਹ ਲਗਾ ਦਿਤਾ ਗਿਆ ਹੈ ਜਿਸ ਕਾਰਨ ਭਵਨ ਨੂੰ ਹਰ ਮਹੀਨੇ 10 ਹਜ਼ਾਰ ਰੁਪਏ ਦਾ ਲਾਭ ਹੋ ਰਿਹਾ ਹੈ।

7. **ਸਮਾਜ ਸੁਧਾਰ ਬਾਰੇ** :- ਸਮਾਜ ਸੁਧਾਰ ਦੀ ਪਿਛਲੀ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਸੀ ਕਿ ਸੱਤ ਸਟੇਟਾ ਵਿੱਚ ਬਲਾਕ ਲੈਵਲ ਦੀਆਂ ਕਮੇਟੀਆਂ ਬਣਾ ਦਿੱਤੀਆ ਜਾਣ ਤਾਂ ਕਿ ਫੀਲਡ ਵਿੱਚ ਲੋਕਾਂ ਤੱਕ ਇਹ ਸਭ ਮੈਸਿਜ ਦਿੱਤਾ ਜਾਵੇ। ਇਹ ਵੀ ਵਿਚਾਰ ਸੀ ਕਿ ਸਭ ਸਰਪੰਚ, ਪੰਚ ਅਤੇ ਸਮਾਜ ਦੇ ਹੋਰ ਲੀਡਰਾਂ ਨੂੰ ਵੀ ਨਾਲ ਜੋੜਿਆ ਜਾਵੇ। ਇਸ ਸਬੰਧੀ ਕਈ ਉਦਾਹਰਨਾ ਵੀ ਨੋਟਿਸ ਵਿੱਚ ਆ ਰਹੀਆਂ ਹਨ। ਇਹ ਵੀ ਫੈਸਲਾ ਕੀਤਾ ਗਿਆ ਕਿ ਜਿਹੜੇ ਸੱਜਣ ਸਹਿਯੋਗ ਸਮਾਜ ਸੁਧਾਰ ਦੇ ਫੈਸਲਿਆਂ ਮੁਤਾਬਿਕ ਸਹਿਯੋਗ ਦੇ ਰਹੇ ਹਨ ਉਨ੍ਹਾਂ ਨੂੰ ਸਨਮਾਨਤ ਕੀਤਾ ਜਾਵੇ ਅਤੇ ਮੈਗਜ਼ੀਨ ਵਿੱਚ ਵੀ ਫੋਟੋ ਦਿੱਤੀਆਂ ਜਾਣ।

8. **ਭਵਨ ਦੇ ਗਾਰਡਨ ਬਾਰੇ** :- ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦਾ ਗਾਰਡਨ ਬਹੁਤ ਚੰਗੀ ਤਰ੍ਹਾਂ ਮੈਨਟੇਨ ਕੀਤਾ ਜਾ ਰਿਹਾ ਹੈ। ਇਸ ਸਾਲ ਵੀ 26





ਫਰਵਰੀ 2020 ਨੂੰ ਯੂ.ਟੀ. ਚੰਡੀਗੜ੍ਹ ਵੱਲੋ ਸਥਾਪਤ ਬੋਰਡ ਨੇ 26-02-2020 ਭਵਨ ਦੇ ਗਾਰਡਨ ਦਾ ਨਿਰੀਖਣ ਕੀਤਾ ਅਤੇ ਗਾਰਡਨ ਦੇ ਕੋਨੇ-ਕੋਨੇ ਨੂੰ ਗੋਰ ਨਾਲ ਦੇਖਿਆ ਸਾਰੇ ਹੀ ਬੋਰਡ ਨੇ ਉਚੇਚ ਤੌਰ ਤੇ ਗਾਰਡਨ ਦੀ ਮੈਂਟੀਨੈਸ ਬਾਰੇ ਬੜੀ ਉਸਤੱਤ ਕੀਤੀ। ਬੋਰਡ ਨੇ ਆਪਣੀ ਸਿਫ਼ਾਰਸ ਯੂ.ਟੀ. ਮੈਨੇਜਮੈਂਟ ਨੂੰ ਭੇਜ ਦਿਤੀ ਤੇ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਇਸ ਬਾਰ ਫੇਰ ਭਵਨ ਦਾ ਗਾਰਡਨ ਚੰਡੀਗੜ੍ਹ ਵਿੱਚ ਪਹਿਲੇ ਸਥਾਨ ਤੇ ਆਇਆ ਹੈ। ਇਸ ਬਾਰੇ ਵੀ ਲੋਕਲ ਅਖਬਾਰਾਂ ਵਿੱਚ ਵੀ ਰਿਪੋਰਟ ਆ ਚੁੱਕੀ ਹੈ।

**9. ਨਰਾਇਣਗੜ੍ਹ (ਹਰਿਆਣਾ)** ਵਿਚ "ਗੁਰੂ ਲਾਧੋ ਰੇ" ਭਵਨ ਉਸਾਰੀ ਅਧੀਨ ਹੈ, ਜੇਕਰ ਕਿਸੇ ਮੈਂਬਰ/ਅਹੁਦੇਦਾਰ/ਸੰਗਤ ਨੇ "ਗੁਰੂ ਲਾਧੋ ਰੇ" ਭਵਨ ਨਰਾਇਣਗੜ੍ਹ ਦੀ ਉਸਾਰੀ ਵਾਸਤੇ ਸੇਵਾ ਕਰਵਾਉਣੀ ਹੈ ਤਾਂ ਹੇਠ ਲਿਖੇ ਬੈਂਕ ਅਕਾਉਂਟ ਨੰਬਰ ਤੇ ਰੁਪਏ ਪਾ ਸਕਦੇ ਹਨ:

* ਬੈਂਕ ਦਾ ਨਾਮ- ਪੰਜਾਬ ਨੈਸ਼ਨਲ ਬੈਂਕ

* ਅਕਾਉਂਟ ਹੋਲਡਰ ਦਾ ਨਾਮ - ਗੁਰੂ ਲਾਧੋ ਰੇ ਭਵਨ ਨਰਾਇਣਗੜ੍ਹ, Bank A/C No. 2733000102901938, IFSC-PUNB0273300, ਮੁੱਖ ਸੇਵਾਦਾਰ ਸ. ਗੁਰਪਾਲ ਸਿੰਘ ਨਰਾਇਣਗੜ੍ਹ, ਮੋਬਾ. ਨੰ. 94161-35379, 94167-30001

**10. ਮੈਡੀਕਲ ਵਿੰਗ ਬਾਰੇ :-** ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ., ਕਲੀਨਿਕਲ ਲੈਬ ਅਤੇ ਡੈਂਟਲ ਵਿਚ ਚੈੱਕਅਪ ਚੱਲ ਰਹੇ ਹਨ। ਮੈਡੀਕਲ ਓ.ਪੀ.ਡੀ. ਅਤੇ ਕਲੀਨਿਕਲ ਲੈਬ ਦੇ ਫਰਵਰੀ ਮਹੀਨੇ ਦੇ ਇਲਾਜ ਦਾ ਵੇਰਵਾ ਇਸ ਤਰ੍ਹਾਂ ਹੈ:-

1. ਮੈਡੀਕਲ ਓ.ਪੀ.ਡੀ - 125
2. ਮੈਡੀਕਲ ਲੈਬ - 43
3. ਡੈਂਟਲ ਕਲੀਨਿਕ - 56

**ਸ. ਜਗੀਰ ਸਿੰਘ ਲਾਲੀਆ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ**
**ਫਾਉਂਡੇਸ਼ਨ ਚੰਡੀਗੜ੍ਹ।**

## ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**
**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.)

## ਸੈਕਟਰ 30-ਏ, ਚੰਡੀਗੜ੍ਹ

ਲੁਬਾਣਾ ਸਮਾਜ ਵਿੱਚ ਵੱਧ ਰਹੀਆਂ ਕੁਰੀਤੀਆਂ ਨੂੰ ਮੁੱਖ ਰੱਖਦਿਆਂ ਹੋਇਆਂ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਮੈਨੇਜਮੈਂਟ ਨੇ "ਲੁਬਾਣਾ ਇੰਟਰਸਟੇਟ ਸਮਾਜ ਸੁਧਾਰ ਫੋਰਮ" ਦਾ ਗਠਨ ਕੀਤਾ ਹੈ। ਇਸ ਫੋਰਮ ਦੇ ਪੰਜਾਬ, ਹਰਿਆਣਾ, ਹਿਮਾਚਲ ਅਤੇ ਜੰਮੂ ਕਸ਼ਮੀਰ ਵਿੱਚੋਂ 21 ਮੈਂਬਰ ਬਣਾਏ ਗਏ ਹਨ। ਇਸ ਫੋਰਮ ਦੀਆਂ ਦੋ ਮੀਟਿੰਗਾਂ ਹੋ ਚੁੱਕੀਆਂ ਹਨ ਜਿਸ ਵਿੱਚ ਪੰਜ ਮੁੱਖ ਸੁਝਾਵਾਂ ਤੇ ਚਰਚਾ ਕੀਤੀ ਗਈ ਸੀ। ਫਾਊਂਡੇਸ਼ਨ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਬੇਗੋਵਾਲ ਵਿਖੇ ਰੱਖੀ ਗਈ ਸੀ, ਜਿਸ ਵਿੱਚ ਮੈਂਬਰਾਂ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੇ ਸਰਪੰਚ, ਪੰਚ ਅਤੇ ਹੋਰ ਪਤਵੰਤੇ ਸੱਜਣਾ ਨੇ ਵੀ ਭਾਗ ਲਿਆ। ਇਹਨਾਂ ਸਭ ਸੁਝਾਵਾਂ ਬਾਰੇ ਬੇਗੋਵਾਲ ਇਕੱਤਰ ਹੋਏ ਪਤਵੰਤੇ ਸੱਜਣਾ ਦੀ ਮੀਟਿੰਗ ਵਿਚ ਵਿਸਤਾਰ ਨਾਲ ਚਰਚਾ ਕੀਤੀ ਗਈ। ਇਹਨਾਂ ਮੀਟਿੰਗਾਂ ਵਿੱਚ ਫੈਸਲਾ ਕੀਤਾ ਗਿਆ ਕਿ ਲੋਕਲ ਕਮੇਟੀਆਂ ਦਾ ਗਠਨ ਕਰਕੇ ਇਹਨਾਂ ਮੁੱਦਿਆਂ ਨੂੰ ਅਮਲੀ ਰੂਪ ਦਿੱਤਾ ਜਾਵੇ ਅਤੇ ਪਿੰਡਾਂ ਦੇ ਸਰਪੰਚਾਂ, ਪੰਚਾਂ ਅਤੇ ਗੁਰਦੁਆਰਾ ਸਾਹਿਬਾਨ ਦੇ ਪ੍ਰਧਾਨਾਂ ਤੱਕ ਪਹੁੰਚ ਕੀਤੀ ਜਾਵੇ।

## ਪਾਸ ਕੀਤੇ ਸੁਝਾਵਾਂ ਦਾ ਵੇਰਵਾ

1. ਵਿਆਹ ਦੇ ਸੱਦਾ ਪੱਤਰ ਕਾਰਡ ਤੇ ਖ਼ਰਚਾ ਘਟਾਇਆ ਜਾਵੇ।
2. ਦਾਜ ਰਹਿਤ ਵਿਆਹ ਕਰਨ/ਕਰਵਾਉਣ ਬਾਰੇ ਸਮਾਜ ਦੇ ਨੋਜਵਾਨ ਲੜਕੇ ਅਤੇ ਲੜਕੀਆਂ ਨੂੰ ਪ੍ਰੇਰਿਤ ਕੀਤਾ ਜਾਵੇ।
3. ਵਿਆਹ ਦੇ ਟੋਟਲ ਰੀਤੀ-ਰਿਵਾਜ਼ਾ ਨੂੰ ਦੋ ਫੰਕਸ਼ਨਾਂ ਵਿੱਚ ਹੀ ਸੀਮਿਤ ਕੀਤਾ ਜਾਵੇ।
4. ਰੂਰਲ ਏਰੀਆ ਵਿੱਚ ਐਜੂਕੇਸ਼ਨ ਬਾਰੇ ਪ੍ਰਚਾਰ ਕੀਤਾ ਜਾਵੇ ਤਾਂ ਜੋ ਸਮਾਜ ਦੇ ਪੜ੍ਹੇ-ਲਿਖੇ ਲੋਕ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਆਪਣਾ ਯੋਗਦਾਨ ਦੇ ਸਕੱਣ।
5. ਗਰੀਬ ਤਲਾਕਸ਼ੁਦਾ ਲੜਕੀਆਂ ਨੂੰ ਲੀਗਲ ਕਾਨੂੰਨੀ ਸਹਾਇਤਾ ਦੇਣਾ।


**ਸ. ਜਗੀਰ ਸਿੰਘ ਲਾਲੀਆ**

ਕਨਵੀਨਰ

**ਲੁਬਾਣਾ ਇੰਟਰਸਟੇਟ ਸਮਾਜ ਸੁਧਾਰ ਫੋਰਮ**

ਫੋਨ ਨੰ: 0172-2657340

ਮੋਬਾਇਲ : 98149-21838

**E-mail :** lobanafoundation@gmail.com

# ਬਾਣੀ ਮਹਲਾ ੯
# ਸਟੀਕ

## ੴ ਸਤਿਗੁਰ ਪ੍ਰਸਾਦਿ ॥

## ਰਾਗੁ ਗਉੜੀ ਮਹਲਾ ੯ ॥

**ਸਾਧੋ ਮਨ ਕਾ ਮਾਨੁ ਤਿਆਗਉ ॥**
**ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ,**
**ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥**
**ਸੁਖੁ ਦੁਖੁ ਦੋਨੋ ਸਮ ਕਰਿ ਜਾਨੈ,**
**ਅਉਰੁ ਮਾਨੁ ਅਪਮਾਨਾ ॥**
**ਹਰਖ ਸੋਗ ਤੇ ਰਹੈ ਅਤੀਤਾ,**
**ਤਿਨਿ ਜਗਿ ਤਤੁ ਪਛਾਨਾ ॥੧॥**
**ਉਸਤਤਿ ਨਿੰਦਾ ਦੋਊ ਤਿਆਗੈ,**
**ਖੋਜੈ ਪਦੁ ਨਿਰਬਾਨਾ ॥**
**ਜਨ ਨਾਨਕ ਇਹੁ ਖੇਲੁ ਕਠਨੁ ਹੈ,**
**ਕਿਨਹੂੰ ਗੁਰਮੁਖਿ ਜਾਨਾ ॥੨॥੧॥**

**ਪਦ ਅਰਥ :** ਸਾਧੋ—ਹੇ ਸੰਤ ਜਨੋ ! ਤਿਆਗਉ—ਤਿਆਗਹੁ (ਨੋਟ : ਜੋ ਨਿਯਮ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਤੋਂ ਬਿਨਾਂ ਸਭ ਥਾਈਂ ਵਰਤਿਆ ਮਿਲਦਾ ਹੈ, ਉਸ ਅਨੁਸਾਰ ਲਫ਼ਜ਼ 'ਤਿਆਗਹੁ' ਹੈ। ਇਸੇ ਤਰ੍ਹਾਂ 'ਭਾਗਉ' ਦੇ ਥਾਂ 'ਭਾਗਹੁ')। ਤਾ ਤੇ—ਉਸ ਤੋਂ। ਅਹਿ—ਦਿਨ। ਨਿਸਿ—ਰਾਤ।੧। ਰਹਾਉ।

ਸਮ—ਬਰਾਬਰ, ਇੱਕੋ ਜਿਹੇ। ਕਰਿ—ਕਰ ਕੇ। ਅਉਰੁ—ਅਤੇ। ਮਾਨੁ—ਆਦਰ। ਅਪਮਾਨਾ—ਨਿਰਾਦਰੀ। ਹਰਖ—ਖ਼ੁਸ਼ੀ। ਸੋਗ—ਗ਼ਮ। ਅਤੀਤਾ—ਪਰੇ, ਵਿਰਕਤ, ਨਿਰਲੇਪ। ਤਿਨਿ—ਉਸ (ਮਨੁੱਖ) ਨੇ। ਤਤੁ—ਜ਼ਿੰਦਗੀ ਦਾ ਰਾਜ਼, ਅਸਲੀਅਤ।੧।

ਉਸਤਤਿ—ਖ਼ੁਸ਼ਾਮਦ। ਪਦੁ—ਦਰਜਾ, ਆਤਮਕ ਅਵਸਥਾ। ਨਿਰਬਾਨਾ—ਵਾਸਨਾ-ਰਹਿਤ। ਕਿਨਹੂੰ—ਕਿਸੇ ਵਿਰਲੇ ਨੇ। ਗੁਰਮੁਖਿ—ਗੁਰੂ ਦੀ ਸਰਨ ਪੈ ਕੇ।੨।

**ਅਰਥ :** ਹੇ ਸੰਤ ਜਨੋ ! (ਆਪਣੇ) ਮਨ ਦਾ ਅਹੰਕਾਰ ਛੱਡ ਦਿਉ। ਕਾਮ ਅਤੇ ਕ੍ਰੋਧ (ਭੀ) ਭੈੜੇ ਮਨੁੱਖ ਦੀ ਸੰਗਤਿ (ਵਾਂਗ ਹੀ) ਹੈ, ਇਸ ਤੋਂ (ਭੀ) ਦਿਨ ਰਾਤ (ਹਰ ਵੇਲੇ) ਪਰੇ ਰਹੋ।੧। ਰਹਾਉ।

(ਹੇ ਸੰਤ ਜਨੋ ! ਜੇਹੜਾ ਮਨੁੱਖ) ਸੁਖ ਅਤੇ ਦੁਖ ਦੋਹਾਂ ਨੂੰ ਇੱਕੋ ਜਿਹਾ ਜਾਣਦਾ ਹੈ, ਅਤੇ ਜਿਹੜਾ ਆਦਰ ਤੇ ਨਿਰਾਦਰੀ ਨੂੰ (ਭੀ) ਇਕ ਸਮਾਨ ਜਾਣਦਾ ਹੈ। (ਕੋਈ ਮਨੁੱਖ ਉਸ ਦਾ ਆਦਰ ਕਰੇ ਤਾਂ ਭੀ ਪਰਵਾਹ ਨਹੀਂ, ਜੇ ਕੋਈ ਉਸ ਦੀ ਨਿਰਾਦਰੀ ਕਰੇ ਤਾਂ ਭੀ ਪਰਵਾਹ ਨਹੀਂ), ਤੇ ਜੇਹੜਾ ਮਨੁੱਖ ਖ਼ੁਸ਼ੀ ਅਤੇ ਗ਼ਮੀ ਦੋਹਾਂ ਤੋਂ ਨਿਰਲੇਪ ਰਹਿੰਦਾ ਹੈ (ਖ਼ੁਸ਼ੀ ਦੇ ਵੇਲੇ ਅਹੰਕਾਰ ਵਿਚ ਨਹੀਂ ਆ ਜਾਂਦਾ ਤੇ ਗ਼ਮੀ ਦੇ ਵੇਲੇ ਘਬਰਾ ਨਹੀਂ ਜਾਂਦਾ) ਉਸ ਨੇ ਜਗਤ ਵਿਚ ਜੀਵਨ ਦਾ ਭੇਤ ਸਮਝ ਲਿਆ ਹੈ।

(ਹੇ ਸੰਤ ਜਨੋ ! ਉਸ ਮਨੁੱਖ ਨੇ ਅਸਲੀਅਤ ਲੱਭ ਲਈ ਹੈ ਜੇਹੜਾ) ਨਾ ਕਿਸੇ ਦੀ ਖ਼ੁਸ਼ਾਮਦ ਕਰਦਾ ਹੈ, ਨਾ ਕਿਸੇ ਦੀ ਨਿੰਦਾ ਕਰਦਾ ਹੈ, ਤੇ ਜੋ ਉਸ ਆਤਮਕ ਅਵਸਥਾ ਦੀ ਸਦਾ ਭਾਲ ਕਰਦਾ ਹੈ ਜਿਥੇ ਕੋਈ ਵਾਸ਼ਨਾ ਪੋਹ ਨਹੀਂ ਸਕਦੀ। (ਪਰ) ਹੇ ਨਾਨਕ ! ਇਹ (ਜੀਵਨ-) ਖੇਡ (ਖੇਡਣੀ) ਔਖੀ ਹੈ। ਕੋਈ ਵਿਰਲਾ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਇਸ ਨੂੰ ਸਮਝਦਾ ਹੈ।੨।੧।

# ਆਓ ਜਾਣੀਏ !

- ਸੰਪਾਦਕ

1. ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਕਿਹੜੇ ਯੁੱਧ ਵਿਚ ਸ਼ਹੀਦ ਹੋਏ?
ੳ) ਆਨੰਦਪੁਰ ਸਾਹਿਬ ਦੀ ਦੂਜੀ ਲੜਾਈ ਅ) ਨਿਰਮੋਹ ਦੀ ਲੜਾਈ
ੲ) ਚਮਕੌਰ ਸਾਹਿਬ ਦੀ ਲੜਾਈ ਸ) ਖਿਦਰਾਣਾ ਦੀ ਲੜਾਈ (ੲ)
2. ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਕੰਧ ਵਿਚ ਕਿਹੇ ਫੌਜਦਾਰ ਨੇ ਚਿਣਵਾਇਆ ਸੀ?
ੳ) ਵਜ਼ੀਰ ਖਾਂ ਅ) ਮੁਅੱਜਮ ਖਾਂ
ੲ) ਆਸਫ ਖਾਂ ਸ) ਰਾਜਾ ਭੀਮ ਚੰਦ (ੳ)
3. ਖਿਦਰਾਣਾ ਦੇ ਯੁੱਧ ਵਿਚ ਸ਼ਹੀਦ ਹੋਣ ਵਾਲੇ 'ਚਾਲੀ ਮੁਕਤਿਆਂ' ਦਾ ਸਰਦਾਰ ਕੌਣ ਸੀ?
ੳ) ਭਾਈ ਮਨੀ ਸਿੰਘ ਅ) ਭਾਈ ਦਯਾ ਸਿੰਘ
ੲ) ਭਾਈ ਮਹਾਂ ਸਿੰਘ ਸ) ਭਾਈ ਸਾਹਿਬ ਸਿੰਘ (ੲ)
4. "ਚਾਲੀ ਮੁਕਤੇ" ਗੁਰੂ ਗੋਬਿੰਦ ਸਿੰਘ ਜੀ ਦਾ ਕਿਹੜੀ ਲੜਾਈ ਵਿਚ ਸਾਥ ਛੱਡ ਗਏ ਸਨ?
ੳ) ਭੰਗਾਣੀ ਦੀ ਲੜਾਈ ਅ) ਚਮਕੌਰ ਸਾਹਿਬ ਦੀ ਲੜਾਈ
ੲ) ਆਨੰਦਪੁਰ ਸਾਹਿਬ ਦੀ ਦੂਜੀ ਲੜਾਈ ਸ) ਖਿਦਰਾਣਾ ਦੀ ਲੜਾਈ (ੲ)
5. ਤਲਵੰਡੀ ਸਾਬੋ ਨਾਮਕ ਸਥਾਨ ਹੋਰ ਕਿਹੜੇ ਨਾਂ ਨਾਲ ਜਾਣਿਆ ਜਾਂਦਾ ਹੈ?
ੳ) ਗੁਰੂ ਕੀ ਕਾਸ਼ੀ ਅ) ਗੁਰੂ ਕੀ ਨਗਰੀ
ੲ) ਦਮਦਮਾ ਸਾਹਿਬ ਸ) ੳ ਤੇ ੲ ਦੋਨੋ (ਸ)
6. ਪੂਰਵ ਖ਼ਾਲਸਾ ਕਾਲ ਵਿਚ ਗੁਰੂ ਗੋਬਿੰਦ ਸਿੰਘ ਨੇ ਕਿਹੜੇ ਪ੍ਰਸਿੱਧ ਗ੍ਰੰਥ ਦੀ ਰਚਨਾ ਕੀਤੀ?
ੳ) ਚੰਡੀ ਦੀ ਵਾਰ ਅ) ਬਚਿੱਤਰ ਨਾਟਕ
ੲ) ਦਸਮ ਗ੍ਰੰਥ ਸ) ਗਿਆਨ ਪ੍ਰਬੋਧ (ੳ)
7. ਗੁਰੂ ਗੋਬਿੰਦ ਸਿੰਘ ਦੇ ਚਾਰ ਸਾਹਿਬਜ਼ਾਦਿਆਂ ਦੀ ਮਾਤਾ ਜੀ ਦਾ ਨਾਂ ਕੀ ਸੀ?
ੳ) ਮਾਤਾ ਜੀਤੋ ਜੀ ਅ) ਮਾਤਾ ਸੁੰਦਰੀ ਜੀ
ੲ) ਮਾਤਾ ਸਾਹਿਬ ਕੌਰ ਸ) ਅ ਤੇ ੲ ਦੋਨੋ (ਅ)
8. ਬੇਦਾਵਾ ਤੋਂ ਕੀ ਭਾਵ ਹੈ?
ੳ) ਅਧਿਕਾਰ ਨਾ ਜਤਾਉਣਾ ਅ) ਹੱਕ ਰੱਖਣਾ
ੲ) ਛੱਡ ਜਾਣਾ ਸ) ਇਨਕਾਰ ਕਰਨਾ (ੳ)
9. ਮੁਕਤਸਰ ਦਾ ਪੁਰਾਣਾ ਨਾਂ ਕੀ ਸੀ?
ੳ) ਮੱਖੋਵਾਲ ਅ) ਖਿਦਰਾਣਾ
ੲ) ਤਲਵੰਡੀ ਸਾਬੋ ਸ) ਰਾਮਦਾਸਪੁਰਾ (ਅ)
10) ਖ਼ਾਲਸਾ ਪੰਥ ਦੀ ਸਥਾਪਨਾ ਸਮੇਂ ਭਾਰਤ ਦਾ ਮੁਗਲ ਸ਼ਾਸਕ ਕੌਣ ਸੀ? (U.G.C. 2008)
ੳ) ਔਰੰਗਜ਼ੇਬ ਅ) ਫਰੁਖਸੀਅਰ
ੲ) ਬਹਾਦਰ ਸ਼ਾਹ ਸ) ਮੁਹੰਮਦ ਰੰਗੀਲਾ (ੳ)

# ਅੱਜ ਮਨੁੱਖੀ ਜ਼ਰੂਰਤ ਪ੍ਰਦੂਸ਼ਣ ਰਹਿਤ ਫੁਲਵਾੜੀ


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਸੀਨੀਅਰ ਮੀਤ ਪ੍ਰਧਾਨ**
**98144-74535**




ਮਨੁੱਖਤਾ ਅਤੇ ਫੁੱਲਾਂ ਦਾ ਸੰਬੰਧ ਮਨੁੱਖਤਾ ਨਾਲ ਕਿੰਨਾ ਹੀ ਪੁਰਾਣਾ ਏ। ਪੁਰਾਣੇ ਰਿਸ਼ੀ ਮੁਨੀ ਤਪੱਸਿਆ ਅਸਥਾਨ ਦੀ ਚੋਣ ਗਹਿਰੀ ਪੜਚੋਲ ਉਪਰੰਤ ਕਰਦੇ ਸਨ। ਉਨ੍ਹਾਂ ਦੀਆਂ ਝੌਂਪੜੀਆਂ ਦਰਿਆਵਾਂ ਦੇ ਕੰਢਿਆਂ ਜਾਂ ਪਹਾੜਾਂ ਦੀਆਂ ਵਾਦੀਆਂ ਵਿਚ ਹੁੰਦੀਆਂ ਸਨ। ਆਪਣੀ ਕੁਟੀਆ ਦਾ ਆਲਾ-ਦੁਆਲਾ ਉਹ ਰੰਗ-ਬਿਰੰਗੇ ਫੁੱਲਾਂ ਨਾਲ ਸਜਾ ਕੇ ਰੱਖਦੇ। ਉਹ ਇਸ ਫੁਲਵਾੜੀ ਨੂੰ 'ਵਾਟਿਕਾ' ਕਹਿੰਦੇ ਸਨ। ਇਸ ਛੋਟੀ ਜਿਹੀ ਫੁਲਵਾੜੀ ਦੇ ਮਾਹੌਲ ਦਾ ਉਹ ਵਿਹਲੇ ਸਮੇਂ ਆਨੰਦ ਮਾਣਦੇ। ਫੁੱਲਾਂ ਨਾਲ ਕੰਮ ਕਰਦਿਆਂ ਉਹ ਕਾਦਰ ਅਤੇ ਕੁਦਰਤ ਨੂੰ ਬਹੁਤ ਨੇੜੇ ਮਹਿਸੂਸਦੇ ਸਨ।

ਅੱਜਕਲ੍ਹ ਸਾਡੇ ਦੇਸ਼ ਵਿਚ ਵੀ ਘਰੇਲੂ ਫੁਲਵਾੜੀ ਹਰਮਨ ਪਿਆਰੀ ਹੋ ਰਹੀ ਹੈ ਉਂਜ ਪਿੰਡਾਂ ਵਿਚ ਘਰੇਲੂ ਫੁਲਵਾੜੀ ਦੇ ਚਿੰਨ੍ਹ ਅਜੇ ਤੀਕ ਵੀ ਆਮ ਨਹੀਂ ਮਿਲਦੇ। ਫਿਰ ਵੀ ਫੁੱਲਾਂ-ਬੂਟਿਆਂ ਅਤੇ ਫਲਦਾਰ ਰੁੱਖਾਂ ਦੀਆਂ ਪਨੀਰੀਆਂ ਦੀ ਗਿਣਤੀ ਆਏ ਦਿਨ ਵਧ ਰਹੀ ਹੈ, ਜਿਹੜਾ ਫੁੱਲ ਅਤੇ ਰੁੱਖ-ਪਿਆਰਿਆਂ ਲਈ ਹੌਂਸਲਾ ਅਫ਼ਜ਼ਾਈ ਭਰਿਆ ਤੱਥ ਹੈ। ਫੁੱਲਾਂ ਦੀਆਂ ਦੁਕਾਨਾਂ ਸਾਡੇ ਸ਼ਹਿਰਾਂ ਵਿਚ ਆਮ ਖੁਲ੍ਹ ਗਈਆਂ ਹਨ ਜਿਥੋਂ ਹਰ ਤਰ੍ਹਾਂ ਦੇ ਫੁੱਲ ਸਾਰੇ ਸਮਾਜਿਕ ਮੌਕਿਆਂ ਲਈ ਮਿਲ ਸਕਦੇ ਹਨ।

ਗਾਜਰਾਂ ਨੂੰ ਇਕ ਰੋਗ ਲੱਗਦਾ ਹੈ ਜਿਸ ਨੂੰ ਅੰਗਰੇਜ਼ੀ ਵਿਚ ਕ੍ਰੈਟ ਫਲਾਈ ਜਾਂ ਪੰਜਾਬੀ ਵਿਚ ਸਿਵੀਂ ਕਹਿੰਦੇ ਹਨ। ਅੱਜਕਲ੍ਹ ਰਸਾਇਣਕ ਕੀਟਨਾਸ਼ਕਾਂ ਦੀ ਵਰਤੋਂ ਇਸ ਕੰਮ ਲਈ ਕੀਤੀ ਜਾਂਦੀ ਹੈ। ਇਸ ਦੀ ਸਪਰੇਅ ਨਾਲ ਗਰਭ ਵਿਚ ਬੱਚਿਆਂ ਉਤੇ ਵੀ ਭੈੜਾ ਅਸਰ ਹੁੰਦਾ ਹੈ। ਸੰਸਾਰ ਦੇ ਕਈ ਦੇਸ਼ਾਂ ਨੇ ਇਸ ਦੀ ਵਰਤੋਂ ਕਾਨੂੰਨੀ ਬੰਦ ਕਰ ਦਿੱਤੀ ਏ।

ਵਰਤਮਾਨ ਦੀ ਮੈਡਮ ਮਿਨੀਵਰ ਜਾਂ ਮਾਲੀ ਨੂੰ ਗਿਆਨ ਨਹੀਂ ਕਿ ਤੇਲਿਆਂ ਆਦਿ ਨੂੰ ਨਸ਼ਟ ਕਰਨ ਦੀ ਲੋੜ ਨਹੀਂ ਏ ਕਿਉਂਕਿ ਜਿਥੇ ਤੇਲਾ ਹੋਵੇਗਾ ਉਥੇ ਓਸ ਨੂੰ ਖਾਣ ਵਾਲੇ ਹੋਰ ਕੀੜੇ ਅਤੇ ਪੰਛੀ ਵੀ ਪੁੱਜ ਜਾਣਗੇ ਆਮ ਧਾਰਨਾ ਹੈ ਕਿ ਬਹੁਤੇ ਕੀੜੇ ਫੁੱਲਾਂ ਫਲਾਂ ਲਈ ਹਾਨੀਕਾਰਕ ਨੇ ਜੇਕਰ ਕਿਧਰੇ ਕੁਝ ਇਕ ਲਾਭਦਾਇਕ ਵੀ ਹੋਣ ਤਾਂ ਵੀ ਉਨ੍ਹਾਂ ਨੂੰ ਜਾਨਣ ਦੇ ਯਤਨ ਕਰਨਾ ਵਕਤ ਜਾਇਆ ਕਰਨ ਦੇ ਬਰਾਬਰ ਹੈ। ਸੋ ਕਿਉਂ ਨਾ ਸਭ ਦਾ ਸਫਾਇਆ ਹੀ ਕਰ ਦਿੱਤਾ ਜਾਵੇ। ਸਮੂਹ ਜੀਵਾਂ ਦੀ ਹੋਂਦ ਇਕ ਦੂਜੇ 'ਤੇ ਨਿਰਭਰ ਹੈ ਅਤੇ ਅਸੀਂ ਸਾਰੇ ਹਾਨੀਕਾਰਕ ਕੀੜਿਆਂ ਨੂੰ ਕਦੀ ਵੀ ਪੂਰੀ ਤਰ੍ਹਾਂ ਨਸ਼ਠ ਨਹੀਂ ਕਰ ਸਕਦੇ। ਜੇਕਰ ਕੁਦਰਤੀ ਸੰਤੁਲਨ ਵਿਗੜ ਜਾਵੇ ਤਾਂ ਸਥਿਤੀ ਉਤੇ ਕਾਬੂ ਪਾਉਣ ਖਾਤਰ ਇਨ੍ਹਾਂ ਕੀੜਿਆਂ ਦਾ ਪੂਰਾ ਸਰਵੇਖਣ ਕਰਨਾ ਬਣਦਾ ਹੈ। ਮੁਕੰਮਲ ਪੁਣ ਛਾਣ ਉਪਰੰਤ ਹੀ ਕੋਈ ਉਚਿਤ ਕਦਮ ਚੁੱਕਣਾ ਚਾਹੀਦਾ ਹੈ। ਜੇਕਰ ਸਥਿਤੀ ਫੇਰ ਵੀ ਕਾਬੂ ਵਿਚ ਨਾ ਆਵੇ ਅਤੇ ਰਸਾਇਣਕ ਛਿੜਕਾਅ ਜਾਂ ਧੂੜੇ ਦੀ ਲੋੜ ਜ਼ਰੂਰੀ ਹੋ ਜਾਵੇ ਤਾਂ ਸੰਕੋਚ ਨਾਲ ਵਰਤੋਂ ਕਰਨੀ ਚਾਹੀਦੀ ਹੈ। ਪਰ ਰਸਾਇਣਿਕ ਜ਼ਹਿਰਾਂ ਦੀ ਵਰਤੋਂ ਰਹਿਤ ਇਲਾਜ ਨੇ ਜਿਵੇਂ ਕਿ ਫਸਲਾਂ ਦੀ ਬਿਜਾਈ ਦੀ ਅਗੇਤ-ਪਛੇਤ ਨਾਲ ਕਈ ਰੋਗ ਲੱਗਦੇ ਹੀ ਨਹੀਂ।

ਕਈ ਸਬਜ਼ੀਆਂ ਤੇ ਫੁੱਲਾਂ ਦੀ ਮਿਲਾਵਟੀ ਬਿਜਾਈ ਕਰਨ ਨਾਲ ਬਹੁਤ ਸਾਰੇ ਰੋਗ ਨਹੀਂ ਲੱਗਦੇ। ਜਿਵੇਂ ਲੱਸਣ ਜਾਂ ਗਾਜਰਾਂ ਵਿਚ ਸਦਬਰਗ। ਗਾਜਰਾਂ ਨੂੰ ਲੱਸਣ ਅਤੇ ਸਦਬਰਗ ਸਿਵੀ ਤੋਂ ਬਚਾਉਂਦੇ ਨੇ। ਘਰੇਲੂ ਫੁਲਵਾੜੀ ਵਿਚੋਂ ਕਈ ਤਰ੍ਹਾਂ ਦੇ ਹਾਨੀਕਾਰਕ ਜੀਵ ਹੱਥੀਂ ਵੀ ਮਾਰੇ ਜਾ ਸਕਦੇ ਹਨ ਜਿਵੇਂ ਕਿ ਕੁਤੜਾ। ਜੇ ਧਿਆਨ ਰੱਖਿਆ ਜਾਵੇ ਅਤੇ ਜਦ ਤੀਕ ਇਨ੍ਹਾਂ ਦੀ ਗਿਣਤੀ ਹੱਦ ਅੰਦਰ ਹੋਵੇ ਇਨਾਂ ਨੂੰ ਹੱਥੀਂ ਮਾਰ ਸੁੱਟਣਾ ਜਾਂ ਦਬਾਅ ਦੇਣ ਵਿਚ ਕੋਈ ਗੁਨਾਹ ਨਹੀਂ।

50-60 ਸਾਲ ਦੀ ਉਮਰ ਵਾਲੇ ਸਾਰੇ ਕਿਸਾਨਾਂ ਅਤੇ ਮਾਲੀਆਂ ਨੂੰ ਯਾਦ ਹੋਵੇਗਾ ਕਿ ਜਦੋਂ ਕੋਈ ਕੀਟਨਾਸ਼ਕ, ਨਦੀਨ ਨਾਸ਼ਕ ਅਤੇ ਉਲੀ ਨਾਸ਼ਕ ਜ਼ਹਿਰਾਂ ਦੀ ਵਰਤੋਂ ਨਹੀਂ ਸੀ ਕਰਦਾ ਸਾਰੇ ਫਲ ਫਰੂਟ ਅਤੇ ਸਬਜ਼ੀਆਂ ਜਾਂ ਫੁੱਲ ਆਦਿ ਮਰ ਨਹੀਂ ਸੀ ਜਾਂਦੇ। ਅਸੀਂ ਜ਼ਹਿਰਾਂ ਦੇ ਚੱਕਰ ਵਿਚ ਫਸ ਗਏ ਹਾਂ ਅਤੇ ਇਕ ਕਿਸਮ ਦੇ ਪਟੇ ਉਤੇ ਸਵਾਰ ਹਾਂ ਜਿਸ ਦੀ ਸਪੀਡ ਆਏ ਦਿਨ ਵਧ ਰਹੀ ਹੈ ਅਤੇ ਜਿਸ ਉਤੋਂ ਉਤਰਨਾ ਜ਼ਰੂਰੀ ਏ। ਪਹਿਲਾਂ ਪਹਿਲ ਤੇਜ਼ ਰਫ਼ਤਾਰ ਪਟੇ ਤੋਂ ਉਤਰਨ ਲੱਗਿਆਂ ਸਾਨੂੰ ਡਰ ਜ਼ਰੂਰ ਲੱਗੇਗਾ ਕਿ ਅਸੀਂ ਡਿੱਗ ਸਕਦੇ ਹਾਂ ਪਰ ਉਤਰਨਾ ਤੇ ਪੈਣਾ ਹੀ ਹੈ ਆਖਰ ਨੂੰ।

ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਧੇਰੇ ਵਰਤੋਂ ਕਾਰਨ ਪੌਦਿਆਂ ਵਿਚ ਸ਼ਕਤੀ ਘੱਟ ਜਾਂਦੀ ਹੈ ਅਤੇ ਹੌਲੀ-ਹੌਲੀ ਉਹ ਅਮਲ ਉਤੇ ਲੱਗ ਜਾਂਦੇ ਹਨ। ਇਹੀ ਰਸਾਇਣ ਖੁਰਾਕੀ ਲੜੀ ਦੁਆਰਾ ਆਖਰ ਨੂੰ ਸਾਡੇ ਸਰੀਰ ਵਿਚ ਦਾਖਲ ਹੋ ਜਾਂਦੇ ਹਨ।

ਘਰੇਲੂ ਫੁਲਵਾੜੀ ਸਿਰਫ਼ ਜ਼ਿਆਦਾ ਪੈਦਾਵਾਰ ਅਤੇ ਸੁੰਦਰਤਾ ਖਾਤਰ ਹੀ ਨਹੀਂ ਹੋਣੀ ਚਾਹੀਦੀ ਸਗੋਂ ਇਸ ਦਾ ਉਦੇਸ਼ ਰਿਹਾਇਸ਼ੀ ਵਾਤਾਵਰਨ ਨੂੰ ਸਿਹਤਮੰਦ ਬਣਾਉਣਾ ਲੋੜੀਂਦਾ ਏ। ਰਸਾਇਣਕ ਵਸਤੂਆਂ ਦੀ ਵਰਤੋਂ ਸਾਡੀ ਭੋਂ ਨੂੰ ਦਿਨ-ਬ-ਦਿਨ ਜ਼ਹਿਰੀਲਾ ਕਰੀ ਜਾ ਰਹੀ ਹੈ ਅਤੇ ਇਸ ਦੀ ਸਿਹਤ ਵਾਸਤੇ ਜ਼ਰੂਰੀ ਬੈਕਟੀਰੀਆਂ ਰੋਜ਼-

ਬਰੋਜ਼ ਘੱਟ ਰਹੇ ਹਨ। ਭੋਂ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਣ ਲਈ ਇਸ ਬੈਕਟੀਰੀਆ ਦਾ ਸੰਤੁਲਿਤ ਰਹਿਣਾ ਜ਼ਰੂਰੀ ਹੈ।

ਹਰੀ ਖਾਦ ਜੋ ਸਰਦੀਆਂ ਵਿਚ ਸੇਂਜੀ ਮੇਥਿਆਂ ਅਤੇ ਗਰਮੀਆਂ ਵਿਚ ਢਾਂਚਾ, ਗੁਆਰਾ ਆਦਿ ਜ਼ਮੀਨ ਵਿਚ ਹੀ ਵੱਢ ਟੁੱਕ ਅਤੇ ਜ਼ਮੀਨ ਵਿਚ ਦਬਾ ਕੇ ਉਤੋਂ ਪਾਣੀ ਛੱਡ ਕੇ ਬਣਾਈ ਜਾਂਦੀ ਹੈ ਬਹੁਤ ਲਾਹੇਵੰਦ ਹੈ। ਰਸਾਇਣਿਕ ਵਸਤੂਆਂ ਨਾਲ ਬਿਮਾਰ ਹੋਈ ਧਰਤੀ ਨੂੰ ਮੁੜ ਸਜੀਵ ਕਰਨ ਦਾ ਚੰਗਾ ਢੰਗ ਹੈ।

ਜੈਵਿਕ ਬਾਗਬਾਨੀ ਰਾਹੀਂ ਅਸੀਂ ਆਪਣਾ ਹੀ ਨਹੀਂ ਸਗੋਂ ਇਸ ਧਰਤੀ ਉਤੇ ਵਸਦੇ ਜੀਵਾਂ ਦਾ ਵੀ ਅੱਗਾ ਸਵਾਰਾਂਗੇ। ਨਿਪੁੰਨਸ਼ਕ ਹੋ ਰਹੀ ਮਾਂ-ਮਿੱਟੀ ਨੂੰ ਆਪਣੇ ਪੁੱਤਾਂ ਪੋਤਿਆਂ ਦੇ ਰਹਿਣਯੋਗ ਬਣਾਵਾਂਗੇ। ਹਰ ਕੋਈ ਆਖਦਾ ਏ ਜੀ ਇਹ ਸਭ ਕੁਝ ਪੁੱਤਾਂ ਪੋਤਿਆਂ ਦਾ ਈ ਏ ਕੋਈ ਵਿਹਾਰ ਕਰਦਾ ਏ ਤਾਂ ਵੀ ਇਹੀ ਆਖਦਾ ਏ ਜੀ ਇਹ ਸਾਰਾ ਕੁਝ ਬੱਚਿਆਂ ਲਈ ਹੀ ਤਾਂ ਕਰਦੇ ਹਾਂ। ਪਰ ਜਿਸ ਧਰਤੀ ਵਿਚੋਂ ਉਨ੍ਹਾਂ ਖਾਣਾ-ਪੀਣਾ ਹੈ ਰਹਿਣਾ ਹੈ ਉਸ ਵੱਲ ਧਿਆਨ ਦੇਣੋਂ ਅਸੀਂ ਅਵੇਸਲੇ ਹਾਂ। ਜੈਵਿਕ ਬਾਗਬਾਨੀ ਦੁਆਰਾ ਅਸੀਂ ਧਰਤੀ ਦਾ ਇਕ ਛੋਟਾ ਜਿਹਾ ਹਿੱਸਾ ਜ਼ਰੂਰੀ ਹੀ ਸਾਫ਼ ਸੁਥਰਾ ਅਤੇ ਸਿਹਤਮੰਦ ਛੱਡ ਜਾਵਾਂਗੇ ਤਾਂ ਫੇਰ ਕੁਦਰਤ ਆਪਣੀਆਂ ਸਾਰੀਆਂ ਬਖਸ਼ਿਸ਼ਾਂ ਬਿਨਾਂ ਕਿਸੇ ਮੁੱਲ ਦੇ ਸਾਨੂੰ ਪ੍ਰਦਾਨ ਕਰ ਦੇਵੇਗੀ। ਉਹ ਸਦੀਆਂ ਤੋਂ ਕਿਰਤੀਆਂ ਦੀਆਂ ਝੋਲੀਆਂ ਭਰਦੀ ਰਹੀ ਹੈ। ਸਾਨੂੰ ਕੁੱਪੇ ਨਹੀਂ ਰੋੜ੍ਹਨੇ ਚਾਹੀਦੇ। ਧਰਤੀ ਮਾਂ ਵਾਂਗ ਦੁੱਧ ਪਿਲਾਏ ਦਾ ਸਾਥੋਂ ਕੋਈ ਮੁੱਲ ਨਹੀਂ ਮੰਗਦੀ। ਸਾਡਾ ਇਹ ਕਰਤੱਵ ਜ਼ਰੂਰ ਹੈ ਕਿ ਅਸੀਂ ਆਪਣੀ ਮਾਂ-ਮਿੱਟੀ ਨੂੰ ਜ਼ਹਿਰੀਲਾ ਨਾ ਬਣਾਈਏ। ਭੋਂ ਵਿਚ ਕੁਝ ਵੀ ਸੁੱਟਣ ਜਾਂ ਪਾਉਣ ਤੋਂ ਪਹਿਲਾਂ ਸੋਚੀਏ ਕਿ ਇਸ ਦਾ ਕੀ ਅਸਰ ਹੋਵੇਗਾ?

ਫੁੱਲਾਂ ਦੀ ਮਹਿਕ ਮਾਣੋ, ਸਿਹਤਮੰਦ ਸਬਜ਼ੀਆਂ ਖਾਓ, ਸਵੱਛ ਦੁੱਧ, ਆਂਡੇ ਅਤੇ ਹੋਰ ਸਿਹਤਮੰਦ ਪਦਾਰਥਾਂ ਦਾ ਅਸੀਂ ਤਾਂ ਹੀ ਮਜ਼ਾ ਮਾਣ ਸਕਦੇ ਹਾਂ ਜੇਕਰ ਸਾਡੀ ਧਰਤੀ ਪ੍ਰਦੂਸ਼ਣ ਰਹਿਤ ਹੋਵੇ।



**ਫਾਊਂਡੇਸ਼ਨ ਦੇ ਜਿਹੜੇ ਮੈਂਬਰਾਂ ਪਾਸ ਮੈਂਬਰਸ਼ਿਪ ਕਾਰਡ ਨਹੀਂ ਹਨ ਉਹ ਕ੍ਰਿਪਾ ਕਰਕੇ ਫਾਊਂਡੇਸ਼ਨ ਨੂੰ ਬਾਕਾਇਦਾ ਫਾਰਮ ਭਰ ਕੇ ਸਮੇਤ ਦੋ ਫੋਟੋਆਂ ਤੁਰੰਤ ਅਪਲਾਈ ਕਰਨ ਤਾਂ ਜੋ ਮੈਂਬਰਸ਼ਿਪ ਕਾਰਡ ਜਾਰੀ ਕੀਤਾ ਜਾਵੇ।**

**- ਸੰਪਾਦਕ**

# ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਜਿਥੇ ਪਿਆਰ, ਉਥੇ ਰੱਬ ਹੈ

**ਲੀਉ ਟਾਲ ਸਟਾਏ**

**ਅਨੁਵਾਦਿਕ ਕੀਤਾ ਅਮਰੀਕ ਸਿੰਘ**

**ਮੈਂਬਰ (ਸੇਵਾ ਮੁਕਤ) ਬੀ.ਬੀ.ਐਮ.ਬੀ.**

**ਜਿਨ ਪ੍ਰੇਮ ਕੀਉ ਤਿਨ ਹੀ ਪ੍ਰਭ ਪਾਇਉ...........ਗੁਰੂ ਨਾਨਕ ਸਾਹਿਬ ਜੀ**

**ਜੇ ਤੁਮੇ ਪਿਆਰ ਕਰਣ ਕਾ ਚਾਉ ਸਿਰ ਧਰ ਗਲੀ ਮੇਰੀ ਆਉ......ਗੁਰੂ ਗੋਬਿੰਦ ਸਿੰਘ ਜੀ**

ਰੂਸ ਦੇ ਇਕ ਕਸਬੇ ਵਿਚ ਮਾਰਟਿਨ ਨਾਮ ਦਾ ਮਸ਼ਹੂਰ ਮੋਚੀ ਰਹਿੰਦਾ ਸੀ। ਉਸਦੇ ਛੋਟੇ ਕੁ ਕਮਰੇ ਵਿਚ ਇਕ ਬਾਰੀ ਸੜਕ ਵਲ ਖੁਲਦੀ ਸੀ। ਸੜਕ ਤੋਂ ਜੋ ਵੀ ਲੰਘਦਾ ਮਾਰਟਿਨ ਉਸਦੇ ਬੂਟਾਂ ਦੀ ਅਵਾਜ਼ ਤੋਂ ਉਸਨੂੰ ਪਹਿਚਾਨ ਲੈਂਦਾ। ਉਸ ਕਸਬੇ ਵਿਚ ਉਸਦੇ ਕਈ ਜਾਣੂ ਸਨ। ਉਸ ਮੁਹੱਲੇ ਵਿਚ ਕੋਈ ਹੀ ਬੂਟ ਹੋਵੇਗਾ ਜਿਹੜਾ ਉਸਦੇ ਹਥਾਂ ਵਿਚੋਂ ਨਹੀਂ ਲੰਘਿਆ ਹੋਣਾ। ਕਈਆਂ ਦੇ ਤਲੇ ਲਗਾਏ ਹੋਣਗੇ, ਮੁਰੰਮਤ ਅਤੇ ਕਈਆਂ ਨੂੰ ਉਸਨੇ ਸੀਤਾ ਹੋਵੇਗਾ। ਉਹ ਚੰਗਾ ਚਮੜਾ ਵਰਤਦਾ, ਜ਼ਿਆਦਾ ਪੈਸੇ ਨਾ ਲੈਂਦਾ। ਉਸ ਕੋਲ ਕੰਮ ਦੀ ਕਮੀ ਕਦੀ ਨਾ ਰਹਿੰਦੀ।

ਮਾਰਟਿਨ ਹਮੇਸ਼ਾ ਚੰਗਾ ਇਨਸਾਨ ਰਿਹਾ ਅਤੇ ਬੁਢੇਪੇ ਵਿਚ ਉਸਨੇ ਆਪਣੀ ਆਤਮਾ ਬਾਰੇ ਸੋਚਣਾ ਸ਼ੁਰੂ ਕਰ ਦਿਤਾ। ਉਸਦੀ ਪਤਨੀ ਤਿੰਨ ਸਾਲ ਦਾ ਬੱਚਾ ਛਡ ਕੇ ਮਰ ਗਈ ਸੀ। ਉਸਦੇ ਸਾਰੇ ਵਡੇ ਬਚੇ ਛੋਟੀ ਉਮਰ ਵਿਚ ਹੀ ਮਰ ਜਾਂਦੇ ਰਹੇ। ਮਾਰਟਿਨ ਨੇ ਕੰਮ ਛਡ ਦਿਤਾ ਅਤੇ ਛੋਟੇ ਲੜਕੇ ਦੀ ਸੰਭਾਲ ਵਿਚ ਲਗ ਗਿਆ। ਬੱਚਾ ਜਦੋਂ ਵਡਾ ਹੋਇਆ; ਪਿਤਾ ਦੀ ਮਦਦ ਕਰਨ ਦੇ ਕਾਬਲ ਹੋ ਗਿਆ ਪਰ ਕਿਸਮਤ ਨੇ ਉਹ ਬਚਾ ਵੀ ਉਸ ਕੋਲੋਂ ਖੋ ਲਿਆ। ਬੱਚੇ ਨੂੰ ਇਕ ਹਫਤਾ ਸਖਤ ਬੁਖਾਰ ਰਿਹਾ ਅਤੇ ਮਰ ਗਿਆ। ਹੁਣ ਉਹ ਇੰਨਾ ਉਦਾਸ ਰਹਿੰਦਾ ਸੀ ਕਿ ਰਬ ਨੂੰ ਗਿਲਾ ਸ਼ਿਕਵਾ ਦੇਣ ਲਗ ਪਿਆ। ਉਦਾਸੀ ਵਿਚ ਉਹ ਪ੍ਰਾਰਥਨਾ ਕਰਦਾ ਕਿ ਉਸਨੂੰ ਮੌਤ ਆ ਜਾਵੇ। ਮਾਰਟਿਨ ਨੇ ਚਰਚ ਵਿਚ ਜਾਣਾ ਵੀ ਬੰਦ ਕਰ ਦਿਤਾ।

ਇਕ ਦਿਨ ਉਸਦੇ ਪਿੰਡ ਤੋਂ ਇਕ ਬੁਢਾ ਆਦਮੀ ਜੋ ਅਠ ਸਾਲ ਤੀਰਥ ਯਾਤਰਾ ਤੇ ਰਿਹਾ ਸੀ ਉਸਦੇ ਘਰ ਰੁਕਿਆ ਅਤੇ ਮਾਰਟਿਨ ਨੇ ਆਪਣਾ ਦਿਲ ਉਸ ਨਾਲ ਖੋਲਿਆ। ਉਸਨੇ ਕਿਹਾ ਉਹ ਹੁਣ ਜੀਣਾ ਨਹੀਂ ਚਾਹੁੰਦਾ ਅਤੇ ਰਬ ਅਗੇ ਮੇਰੀ ਅਰਦਾਸ ਹੈ ਕਿ ਮੈਂ ਜਲਦੀ ਮਰ ਜਾਵਾਂ। ਮੈਨੂੰ ਕਿਸੇ ਕਿਸਮ ਦੀ ਆਸ ਨਹੀਂ ਹੈ ਕਿਸੇ ਪਾਸੇ ਤੋਂ।

ਯਾਤਰੀਨੇਕਿਹਾ, "ਮਾਰਟਿਨ, ਤੈਨੂੰ ਕੋਈ ਹਕ ਨਹੀਂ ਹੈ ਇਸ ਤਰ੍ਹਾਂ ਕਹਿਣ ਦਾ। ਸਿਰਫ ਰੱਬ ਦੀ ਕਰਨੀ ਹੀ ਫੈਸਲਾ ਕਰਦੀ ਹੈ। ਰੱਬ ਨੇ ਚਾਹਿਆ ਤੇਰਾ ਬੱਚਾ ਮਰ ਜਾਵੇ ਅਤੇ ਤੂੰ ਜੀਵੇ। ਇਸ ਵਿਚ ਹੀ ਤੇਰੀ ਭਲਾਈ ਹੋਵੇਗੀ। ਤੂੰ ਚਾਹੁੰਦਾ ਹੈਂ ਕਿ ਤੇਰੀ ਖੁਸ਼ੀ ਮੁਤਾਬਕ ਸਭ ਕੁਝ ਹੋਵੇ।"

ਮਾਰਟਿਨ, "ਫਿਰ ਕਿਸ ਲਈ ਆਦਮੀ ਜੀਵੇ?"

ਯਾਤਰੀ ਨੇ ਕਿਹਾ, "ਰੱਬ ਸਾਨੂੰ ਜ਼ਿੰਦਗੀ ਦਿੰਦਾ ਹੈ ਅਤੇ ਮਾਰਟਿਨ ਤੂੰ ਜੀਅ। ਫਿਰ ਤੈਨੂੰ ਦੁਖ ਨਹੀਂ ਹੋਵੇਗਾ ਅਤੇ ਜੀਣਾ ਸੁਖਾਲਾ ਹੋ ਜਾਵੇਗਾ।"

ਮਾਰਟਿਨ ਥੋੜ੍ਹੀ ਦੇਰ ਚੁਪ ਰਿਹਾ।

ਯਾਤਰੀ ਬੋਲਿਆ, ਕੋਈ ਪਵਿੱਤਰ ਪੋਥੀ ਜਾਂ ਗਰੰਥ ਪੜ੍ਹ ਕੇ ਵੇਖ; ਰੱਬ ਨੇ ਜਿਉਣ ਦਾ ਢੰਗ ਦੱਸਿਆ ਹੈ।

ਇਹ ਗਲ ਮਾਰਟਿਨ ਦੇ ਦਿਲ ਵਿਚ ਘਰ ਕਰ ਗਈ। ਉਸਨੇ ਇਕ ਪਵਿੱਤਰ ਪੋਥੀ ਖਰੀਦੀ; ਉਸਨੂੰ ਰੋਜ਼ ਪੜ੍ਹਦਾ, ਹਰ ਰਾਤ ਪੜ੍ਹਦਾ ਅਤੇ ਉਸਨੂੰ ਕੁਝ ਕੁਝ ਪਤਾ ਲਗਣਾ ਸ਼ੁਰੂ ਹੋ ਗਿਆ ਕਿ ਰੱਬ ਦੇ ਨਾਮ ਪਰ ਕਿਸ ਤਰ੍ਹਾਂ ਜੀਣਾ ਹੈ। ਉਸ ਦਾ ਦਿਲ ਹਲਕਾ ਹੁੰਦਾ ਗਿਆ। ਪਹਿਲਾਂ ਤੇ ਉਹ ਰਾਤ ਨੂੰ ਭਾਰੀ ਦਿਲ ਨਾਲ ਪੁੱਤਰ ਦੀ ਯਾਦ ਵਿਚ ਸੌਂਦਾ ਸੀ ਪਰ ਹੁਣ ਉਹ ਰੱਬ ਦਾ ਸ਼ੁਕਰੀਆ ਕਰਕੇ ਸੌਂਦਾ। ਹੁਣ ਉਸਦੀ ਜ਼ਿੰਦਗੀ ਬਦਲ ਗਈ। ਪਹਿਲਾਂ ਉਹ ਛੁਟੀ ਵਾਲੇ ਦਿਨ ਲੋਕਾਂ ਨਾਲ ਬੈਠ ਕੇ ਚਾਹ ਪੀਂਦਾ। ਇਕ ਦੋ ਪੈੱਗ ਵੀ ਪੀ ਲੈਂਦਾ ਅਤੇ ਕਈ ਵਾਰ ਦੂਸਰਿਆਂ ਨਾਲ ਬੋਲ-ਕਬੋਲ ਵੀ ਬੋਲਦਾ। ਹੁਣ ਉਹੋ ਜਿਹੀਆਂ ਗਲਾਂ ਨਾ ਰਹੀਆਂ ਅਤੇ ਉਸਦੀ ਜ਼ਿੰਦਗੀ ਵਿਚ ਖੁਸ਼ੀ ਅਤੇ ਸ਼ਾਂਤੀ ਆਉਂਦੀ ਗਈ। ਸਵੇਰੇ ਕੰਮ ਕਰਨ ਜਾਂਦਾ ਅਤੇ ਕੰਮ ਮੁਕਾ ਕੇ ਪਵਿੱਤਰ ਪੋਥੀ ਪੜ੍ਹਦਾ ਅਤੇ ਉਸਦੇ ਮਤਲਬ ਨੂੰ ਹੋਰ ਜ਼ਿਆਦਾ ਸਮਝਦਾ, ਉਸ ਤੇ ਅਮਲ ਕਰਦਾ ਅਤੇ ਉਸਦੇ ਮੰਨ ਵਿਚ ਖੁਸ਼ੀ ਰਹਿੰਦੀ।

ਕਦੀ ਕਿਤਾਬ ਵਿਚ ਆਉਂਦਾ ਕਿ ਜੋ ਵੀ ਕਿਸੇ ਨੂੰ ਚੀਜ਼ ਚਾਹੀਦੀ ਹੈ ਦੇ ਦਿਉ ਅਤੇ ਕਦੀ ਵਾਪਸ ਨਾ ਮੰਗੋ, ਕਿਸੇ ਨਾਲ ਬਹਿਸ ਵਿਚ ਨਾ ਪਵੋ, ਦੂਸਰਿਆਂ ਦੀ ਵਧੀਕੀਆਂ ਨੂੰ ਸਹੋ ਅਤੇ ਉਸਨੇ ਪੜ੍ਹਿਆ ਕਿ ਮੈਂ ਰੱਬ, ਰੱਬ ਕਹਿੰਦਾ ਹਾਂ ਪਰ ਜੋ ਪਵਿੱਤਰ ਪੋਥੀ ਕਹਿੰਦੀ ਹੈ ਉਹ ਕਰਦਾ ਨਹੀਂ। ਪੜ੍ਹਦਾ ਅਤੇ ਜ਼ਿਆਦਾ ਅਮਲ ਕਰਦਾ; ਉਸਦੀ ਜ਼ਿੰਦਗੀ ਸੰਵਰਦੀ ਗਈ ਅਤੇ ਖੁਸ਼ੀ ਵਧਦੀ ਗਈ। ਹੁਣ ਉਹ ਇਕੱਲਾ ਰਹਿ ਕੇ ਉਦਾਸ ਨਾ ਹੁੰਦਾ। ਹਮੇਸ਼ਾ ਮਾਲਕ ਦੀ ਦਯਾ-ਮੇਹਰ ਮੰਗਦਾ ਕਿ ਮੈਂ ਉਸਦੇ ਭਾਣੇ ਵਿਚ ਰਹਾਂ।

ਕਿਤਾਬ ਵਿਚ ਮਾਰਟਿਨ ਨੇ ਪੜ੍ਹਿਆ ਕਿ ਰੱਬ ਨੇ ਕਿਹਾ ਸੀ, "ਮੈਂ ਇਕ ਵਿਧਵਾ ਔਰਤ ਦੇ ਘਰ ਗਿਆ ਸੀ। ਉਸ ਵਿਧਵਾ ਨੇ ਆਪਣੇ ਆਥਰੂਆਂ ਨਾਲ ਮੇਰੇ ਪੈਰ ਧੋਤੇ ਅਤੇ ਆਪਣੇ ਵਾਲਾਂ ਨਾਲ ਸਾਫ ਕੀਤੇ। ਇਕ ਫਾਰਸੀ ਬੰਦੇ ਦੇ ਵੀ ਘਰ ਗਿਆ ਸੀ ਜਿਸਨੇ ਇਸ ਤਰ੍ਹਾਂ ਨਾ ਕੀਤਾ। ਫਾਰਸੀ ਨੇ ਮੈਨੂੰ ਚੁੰਮਿਆ ਵੀ ਨਹੀਂ ਸੀ ਔਰਤ ਨੇ ਮੇਰੇ ਪੈਰਾਂ ਨੂੰ ਬਹੁਤ ਵਾਰੀ ਚੁੰਮਿਆ। ਫਾਰਸੀ ਦੇ ਦਿਲ ਵਿਚ ਹੋਰ ਅਤੇ ਬੁਲਾਂ ਤੇ ਕੁਝ ਹੋਰ ਸੀ।"

ਫਿਰ ਉਸਨੇ ਕਿਤਾਬ ਇਕ ਪਾਸੇ ਰਖ ਦਿਤੀ ਅਤੇ ਆਪਣੇ ਆਪ ਨੂੰ

ਕਿਹਾ: ਕੀ ਜੇ ਰੱਬ ਮੇਰੇ ਘਰ ਆਵੇ ਤਾਂ ਮੈਂ ਵੀ ਵਿਧਵਾ ਔਰਤ ਦੀ ਤਰ੍ਹਾਂ ਜਾਂ ਫਾਰਸੀ ਦੀ ਤਰ੍ਹਾਂ ਉਸ ਨਾਲ ਕਰਾਂਗਾ? ਮਾਰਟਿਨ ਨੇ ਚੁਪ-ਚਾਪ ਆਪਣਾ ਸਿਰ ਬਿਸਤਰ ਤੇ ਰਖ ਦਿਤਾ ਅਤੇ ਉਸਨੂੰ ਪਤਾ ਨਾ ਲੱਗਾ ਕਦੋਂ ਨੀਂਦਰ ਆ ਗਈ।

ਮਾਰਟਿਨ ਨੂੰ ਲਗਾ ਕਿ ਕਿਸੇ ਨੇ ਉਸਦੇ ਕੰਨ ਵਿਚ ਕੁਝ ਲਫਜ਼ ਕਹੇ ਹਨ। ਮਾਰਟਿਨ ਨੇ ਆਵਾਜ਼ ਲਗਾਈ। ਉਸਨੂੰ ਜਵਾਬ ਸਾਫ ਸੁਣਾਈ ਦਿਤਾ; "ਮਾਰਟਿਨ, ਮਾਰਟਿਨ, ਮਾਰਟਿਨ ! ਕਲ ਗਲੀ ਵਿਚ ਵੇਖਣਾ, ਕਿਉਂਕਿ ਮੈਂ ਪਹੁੰਚਾਗਾ "ਉਹ ਅੱਖਾਂ ਮਲਦਾ ਉਠ ਕੇ ਕੁਰਸੀ ਤੇ ਬੈਠ ਗਿਆ ਪਰ ਉਸਨੂੰ ਇਸ ਬਾਰੇ ਪਤਾ ਨਾ ਲਗਾ ਕਿ ਉਸਨੇ ਇਹ ਲਫਜ਼ ਨੀਂਦ ਵਿਚ ਜਾਂ ਜਾਗਦੇ ਹੋਏ ਨੇ ਸੁਣੇ ਹਨ। ਉਹ ਫਿਰ ਸੌਂ ਗਿਆ।

ਅਗਲੇ ਦਿਨ ਉਹ ਜਲਦੀ ਸਵੇਰੇ ਉਠ ਪਿਆ, ਪਾਠ-ਪੂਜਾ ਕੀਤੀ, ਕੁਝ ਖਾਂਦਾ ਅਤੇ ਕਮਰੇ ਵਿਚ ਬਾਰੀ ਦੇ ਸਾਹਮਣੇ ਆਪਣੇ ਕੰਮ ਵਿਚ ਰੁਝ ਗਿਆ। ਉਸ ਦਿਨ ਕੰਮ ਕਰਦੇ ਕਰਦੇ ਨੇ ਗਲੀ ਵੱਲ ਜ਼ਿਆਦਾ ਤਕਿਆ ਪਰ ਕਿਸੇ ਨੇ ਮਾਰਟਿਨ ਨਾਲ ਗੱਲਬਾਤ ਨਾ ਕੀਤੀ। ਮਾਰਟਿਨ ਨੇ ਸੋਚਿਆ ਕਿ ਉਮਰ ਵਧਣ ਨਾਲ ਉਹ ਦੀਵਾਨਾ ਹੋ ਰਿਹਾ ਹੈ। ਉਸਨੇ ਫਿਰ ਬਾਰੀ ਵਲ ਤਕਿਆ। ਸਾਹਮਣੇ ਇਕ ਬੁਢਾ ਆਦਮੀ ਜੋ ਗਲੀਆਂ ਵਿਚੋਂ ਰੋਜ਼ ਬਰਫ ਸਾਫ ਕਰਦਾ ਹੁੰਦਾ ਸੀ ਉਹ ਅਜ ਬਰਫ ਨੂੰ ਹਟਾਂਦਾ ਥਕ ਕੇ ਦੀਵਾਰ ਦਾ ਆਸਰਾ ਲੈ ਕੇ ਖਲੋਤਾ ਸੀ। ਬੁਢਾ ਬੜਾ ਥਕ ਚੁਕਾ ਸੀ ਅਤੇ ਠੰਡ ਵੀ ਬਹੁਤ ਸੀ। ਮਾਰਟਿਨ ਨੇ ਚਾਹ ਬਣਾਈ ਅਤੇ ਬੁਢੇ ਨੂੰ ਕਿਹਾ, "ਅੰਦਰ ਆ ਜਾਉ, ਠੰਡ ਬੜੀ ਹੈ ਅਤੇ ਚਾਹ ਦਾ ਇਕ ਕਪ ਪੀ ਲਵੋ।"

ਬੁਢੇ ਨੇ ਕਿਹਾ, "ਰਬ ਤੇਰਾ ਭਲਾ ਕਰੇ ! ਮੇਰੀਆਂ ਹੱਡੀਆਂ ਦਰਦ ਹੋ ਰਹੀਆਂ ਹਨ।" ਬੁਢੇ ਨੇ ਬੂਟ ਛਿਣਕ ਕੇ ਬਰਫ ਬੂਟਾਂ ਤੋਂ ਲਾਹੀ ਅਤੇ ਮਾਰਟਿਨ ਨੇ ਦੋ ਗਲਾਸ ਚਾਹ ਦੇ ਉਠਾਏ ਅਤੇ ਇਕ ਬੁਢੇ ਨੂੰ ਪੀਣ ਵਾਸਤੇ ਦਿੱਤਾ। ਬੁਢੇ ਨੇ ਗਲਾਸ ਖਾਲੀ ਕਰਕੇ ਕਿਹਾ ਬਹੁਤ ਸ਼ੁਕਰੀਆ ਪਰ ਜੇ ਇਕ ਹੋਰ ਗਲਾਸ ਚਾਹ ਦਾ ਮਿਲ ਜਾਵੇ ਤਾਂ ਫਿਰ ਮੈਂ ਠੀਕ ਹੋ ਜਾਵਾਂਗਾ। ਮਾਰਟਿਨ ਨੇ ਇਕ ਹੋਰ ਗਲਾਸ ਉਸਨੂੰ ਦਿਤਾ ਅਤੇ ਆਪ ਵੀ ਇਕ ਹੋਰ ਲਿਆ ਅਤੇ ਬਾਹਰ ਵਲ ਤਕਦਾ ਰਿਹਾ।

ਬੁਢੇ ਨੇ ਕਿਹਾ, "ਕੀ ਤੁਸੀਂ ਕਿਸੇ ਦੇ ਆਉਣ ਦੀ ਉਮੀਦ ਵਿਚ ਹੋ?"

ਮਾਰਟਿਨ ਨੇ ਰਾਤ ਦੇ ਸੁਪਨੇ ਦਾ ਉਸ ਬੁਢੇ ਨੂੰ ਦਸਿਆ ਅਤੇ ਕਿਹਾ ਕਿ ਇਹ ਸੁਪਨਾ ਉਸਦੇ ਮੰਨ ਵਿਚ ਬਾਰ ਬਾਰ ਯਾਦ ਆ ਰਿਹਾ ਹੈ।

ਮਾਰਟਿਨ ਬੋਲਦਾ ਗਿਆ, "ਫਾਰਸੀ ਅਮੀਰ ਬਾਰੇ ਦਸਿਆ ਕਿ ਰੱਬ ਦਾ ਉਸਨੇ ਸਵਾਗਤ ਚੰਗਾ ਨਾ ਕੀਤਾ ਪਰ ਵਿਧਵਾ ਔਰਤ ਨੇ ਤਾਂ ਰੱਬ ਦੇ ਸਵਾਗਤ ਲਈ ਕਮਾਲ ਹੀ ਕਰ ਦਿਤੀ। ਮਾਰਟਿਨ ਕਹਿੰਦਾ ਰਿਹਾ ਕਿ ਉਸਦੇ ਮੰਨ ਵਿਚੋਂ ਗਲ ਨਹੀਂ ਜਾ ਰਹੀ ਹੈ। ਜੇ ਰੱਬ ਆ ਜਾਵੇ ਤਾਂ ਮੈਂ ਵਿਧਵਾ ਔਰਤ ਵਾਂਗੂ ਕਰਾਂਗਾ। ਮੈਨੂੰ ਰੱਬ ਦੇ ਆਉਣ ਦੀ ਆਸ ਹੈ।"

ਬੁਢੇ ਨੇ ਸਿਰ ਹਿਲਾਇਆ ਅਤੇ ਖਾਲੀ ਗਲਾਸ ਥਲੇ ਰੱਖ ਦਿਤਾ। ਮਾਰਟਿਨ ਨੇ ਗਲਾਸ ਨੂੰ ਫਿਰ ਚਾਹ ਨਾਲ ਭਰ ਦਿਤਾ।

ਬੁਢੇ ਨੇ ਜਦੋਂ ਮਾਰਟਿਨ ਦੀਆਂ ਗੱਲਾਂ ਸੁਣੀਆਂ ਤਾਂ ਉਸ ਦੀਆਂ ਗਲਾਂ ਤੋਂ ਅਥਰੂ ਬੈਹ ਤੁਰੇ। ਬੁਢੇ ਆਦਮੀ ਨੇ ਮਾਰਟਿਨ ਦਾ ਸ਼ੁਕਰੀਆ ਕੀਤਾ ਅਤੇ ਚਲਾ ਗਿਆ। ਮਾਰਟਿਨ ਨੂੰ ਖੁਸ਼ੀ ਹੋਈ ਕਿ ਬੁਢਾ ਉਸਦੇ ਘਰ ਆਇਆ। ਫਿਰ ਉਹ ਇਕ ਜੁਤੀ ਦੀ ਮੁਰੰਮਤ ਕਰਨ ਲਗ ਪਿਆ ਪਰ ਬਹੁਤਾ ਉਸਦਾ ਧਿਆਨ ਬਾਰੀ ਤੋਂ ਬਾਹਰ ਵੇਖਣ ਵਿਚ ਹੀ ਸੀ।

ਮਾਰਟਿਨ ਦਾ ਸਿਰ ਪਵਿੱਤਰ ਪੋਥੀ ਦੇ ਵਚਨਾਂ ਨਾਲ ਭਰਿਆ ਪਿਆ ਸੀ। ਬਾਰੀ ਵਲ ਉਹ ਵੇਖਦਾ ਰਿਹਾ, ਉਸਦਾ ਗੁਆਂਢੀ ਲੰਘਿਆ, ਦੋ ਸਰਕਾਰੀ ਸਿਪਾਹੀ ਅਤੇ ਕਈ ਹੋਰ ਜਾਣੂ। ਫਿਰ ਇਕ ਔਰਤ ਲੰਘੀ ਭੈੜੀਆਂ ਜੁਰਾਬਾਂ ਪਾਈਅ ਤੇ ਕਿਸਾਨਾਂ ਵਾਲੀ ਪੈਰੀ ਜੁਤੀ। ਉਹ ਬਾਰੀ ਦੇ ਨਾਲ ਕੰਧ ਨਾਲ ਲਗ ਕੇ ਖਲੋ ਗਈ। ਉਹ ਮਾਰਟਿਨ ਲਈ ਇਕ ਅਜਨਬੀ ਸੀ। ਔਰਤ ਦੇ ਪੁਰਾਣੇ ਗਰਮੀਆਂ ਵਾਲੇ ਕੱਪੜੇ ਅਤੇ ਉਹ ਵੀ ਫਟੇ ਹੋਏ ਸਨ ਭਾਵੇਂ ਅਤ ਦੀ ਠੰਡ ਸੀ ਅਤੇ ਉਸਦੀਆਂ ਬਾਹਾਂ ਵਿਚ ਬਚਾ ਸੀ। ਕੰਧ ਨਾਲ ਲਗ ਕੇ ਉਹ ਬਚੇ ਨੂੰ ਛਾਤੀ ਨਾਲ ਲਗਾ ਰਹੀ ਸੀ ਪਰ ਉਸ ਕੋਲ ਕੋਈ ਕੱਪੜਾ ਨਹੀਂ ਸੀ ਬੱਚੇ ਨੂੰ ਕਜਣ ਲਈ। ਉਹ ਔਰਤ ਬੱਚੇ ਨੂੰ ਚੁਪ ਕਰਾ ਰਹੀ ਸੀ ਪਰ ਬੱਚਾ ਰੋਈ ਜਾ ਰਿਹਾ ਸੀ। ਮਾਰਟਿਨ ਬਾਹਰ ਨਿਕਲਿਆ ਅਤੇ ਉਸਨੇ ਕਿਹਾ, "ਉਹ ਚੰਗੀ ਔਰਤ ! ਤੂੰ ਠੰਡ ਵਿਚ ਬੱਚੇ ਨਾਲ ਕਿਉਂ ਬਾਹਰ ਖਲੋਤੀ ਹੈਂ। ਤੂੰ ਅੰਦਰ ਆ ਤੇ ਬੱਚੇ ਨੂੰ ਅੰਦਰ ਨਿਘ ਵਿਚ ਚੰਗੀ ਤਰ੍ਹਾਂ ਲਪੇਟ ਲੈ।"

ਔਰਤ ਨੇ ਅਵਾਜ਼ ਸੁਣੀ ਅਤੇ ਮੁੜ ਕੇ ਵੇਖਿਆ। ਔਰਤ ਇਕ ਬਜ਼ੁਰਗ ਨੂੰ ਐਨਕਾਂ ਪਾਈ, ਕੰਮ ਵਾਲੇ ਕੱਪੜੇ ਪਹਿਨੇ ਹੋਏ ਅਤੇ ਉਸਨੂੰ ਅੰਦਰ ਆਉਣ ਲਈ ਕਹਿੰਦੇ ਨੂੰ ਵੇਖ ਕੇ ਹੈਰਾਨ ਹੋਈ ਅਤੇ ਅੰਦਰ ਆ ਗਈ। ਮਾਰਟਿਨ ਨੇ ਉਸਨੂੰ ਮੰਜੇ ਤੇ ਬਿਠਾ ਕੇ ਸਟੋਵ ਦੇ ਸਾਹਮਣੇ ਕੀਤਾ ਤਾਂਕਿ ਔਰਤ ਅਤੇ ਬੱਚੇ ਨੂੰ ਨਿਘ ਆਵੇ ਅਤੇ ਮਾਰਟਿਨ ਨੇ ਔਰਤ ਨੂੰ ਕਿਹਾ ਕਿ ਬੱਚੇ ਨੂੰ ਦੁਧ ਚੁੰਗਾਅ ਲੈਅ।

ਔਰਤਨੇਕਿਹਾ,"ਮੈਨੂੰ ਦੁਧ ਨਹੀਂ ਆ ਰਿਹਾ ਹੈ ਕਿਉਂਕਿ ਮੈਂ ਦੋ ਦਿਨਾਂ ਤੋਂ ਕੁਝ ਨਹੀਂ ਖਾਧਾ। ਉਸਨੇ ਬੱਚੇ ਨੂੰ ਛਾਤੀ ਨਾਲ ਲਗਾ ਲਿਆ।

ਮਾਰਟਿਨ ਨੇ ਮੇਜ ਤੇ ਮਠਿਆਈ ਅਤੇ ਹੋਰ ਚੀਜ਼ਾਂ ਖਾਣ ਲਈ ਰਖੀਆਂ ਅਤੇ ਕਿਹਾ, "ਬੈਠ ਅਤੇ ਖਾਅ ਮੇਰੀ ਪੁਤਰੀ; ਮੈਂ ਬੱਚੇ ਨੂੰ ਪਕੜਦਾ ਹਾਂ।

ਔਰਤ ਨੇ ਕਿਹਾ ਤੁਸੀਂ ਕਿਉਂ ਤਕਲੀਫ ਕਰਦੇ ਹੋ। ਮੇਰਾ ਬੱਚਾ ਹੈ। ਮੈਂ ਖੁਦ ਇਸਦਾ ਖਿਆਲ ਰਖ ਸਕਦੀ ਹਾਂ। ਪਰ ਮਾਰਟਿਨ ਨੇ ਬੱਚੇ ਨੂੰ ਬਿਸਤਰ ਉਪਰ ਲਿਟਾ ਦਿਤਾ ਅਤੇ ਆਪ ਕੋਲ ਬੈਠ ਗਿਆ। ਔਰਤ ਨੇ ਖਾਣਾ ਸ਼ੁਰੂ ਕਰ ਦਿਤਾ ਪਰ ਬੱਚਾ ਰੋਂਦਾ ਰਿਹਾ।

ਮਾਰਟਿਨ ਬੱਚੇ ਨਾਲ ਖੇਡਦਾ ਰਿਹਾ। ਪਹਿਲਾਂ ਤਾਂ ਬੱਚਾ ਚੁਪ ਰਿਹਾ ਪਰ ਫਿਰ ਖਿੜਖਿੜਾ ਕੇ ਹੱਸਿਆ। ਮਾਰਟਿਨ ਨੂੰ ਬੜਾ ਚੰਗਾ ਲਗਿਆ।

ਔਰਤ ਖਾਂਦੀ ਰਹੀ ਅਤੇ ਦਸਿਆ, "ਮੈਂ ਇਕ ਫੌਜੀ ਸਿਪਾਹੀ ਦੀ ਪਤਨੀ ਹਾਂ। ਅੱਠ ਮਹੀਨੇ ਤੋਂ ਆਪਣੇ ਪਤੀ ਬਾਰੇ ਕੁਝ ਨਹੀਂ ਸੁਣਿਆ ਹੈ। ਮੇਰੇ ਕੋਲ ਕਿਰਾਏ ਦਾ ਮਕਾਨ ਸੀ ਪਰ ਜਦੋਂ ਬੱਚਾ ਹੋਇਆ ਤਾਂ ਮਾਲਕ ਨੇ ਮੈਨੂੰ ਘਰ ਵਿਚ ਨਾ ਰਹਿਣ ਦਿਤਾ।"

ਮਾਰਟਿਨ ਨੇ ਕਿਹਾ, "ਕੀ ਤੇਰੇ ਕੋਲ ਗਰਮ ਕੱਪੜੇ ਨਹੀਂ ਹਨ?"

ਔਰਤ ਨੇ ਕਿਹਾ, "ਨਹੀਂ ਹਨ। ਤਿੰਨ ਦਿਨ ਹੋਏ ਮੈਂ ਛੇ ਪੈਂਨਸ ਦਾ ਸ਼ਾਲ ਵੇਚਿਆ ਤਾਂਕਿ ਕੁਝ ਖਾਅ ਸਕਾਂ।"

ਔਰਤ ਉਠੀ ਅਤੇ ਬੱਚੇ ਨੂੰ ਚੁਕ ਲਿਆ। ਮਾਰਟਿਨ ਉਠ ਖਲੋਤਾ। ਉਸਨੂੰ ਇਕ ਪੁਰਾਣਾ ਗਰਮ ਕੋਟ ਮਿਲਿਆ; ਔਰਤ ਨੂੰ ਬੱਚਾ ਲਪੇਟਣ ਲਈ ਦਿਤਾ। ਔਰਤ ਨੇ ਕੋਟ ਵੇਖਿਆ, ਬਜ਼ੁਰਗ ਵਲ ਦੇਖਿਆ ਅਤੇ ਫੁਟ ਕੇ ਰੋ ਪਈ। ਮਾਰਟਿਨ ਨੇ ਮੂੰਹ ਪਰੇ ਕਰ ਲਿਆ।

ਔਰਤ ਨੇ ਕਿਹਾ, " ਤੁਹਾਡਾ ਰੱਬ ਭਲਾ ਕਰੇ। ਰੱਬ ਨੇ ਹੀ ਜ਼ਰੂਰ ਮੈਨੂੰ ਤੁਹਾਡੀ ਬਾਰੀ ਕੋਲ ਖਲਾਰਿਆ ਹੋਣਾ ਹੈ ਮੈਨੂੰ; ਮੇਰੇ ਬੱਚੇ ਨੇ ਠੰਡ ਨਾਲ ਜੰਮ ਜਾਣਾ ਸੀ। ਰੱਬ ਨੇ ਹੀ ਤੁਹਾਨੂੰ ਬਾਰੀ ਵਿਚੋਂ ਮੈਨੂੰ ਵੇਖਣ ਲਈ ਖੜ੍ਹਾ ਕੀਤਾ ਹੋਣਾ ਹੈ ਤਾਂਕਿ ਤੁਸੀਂ ਮੇਰੇ ਗਰੀਬ ਉਪਰ ਤਰਸ ਖਾ ਸਕੋ।"

ਮਾਰਟਿਨ ਨੇ ਹੱਸ ਕੇ ਕਿਹਾ, "ਜ਼ਰੂਰ ਉਸ ਰੱਬ ਨੇ ਹੀ ਮੇਰੇ ਕੋਲੂ ਇਹ ਕਰਵਾਇਆ ਹੈ। ਮਾਰਟਿਨ ਨੇ ਆਪਣੇ ਸੁਪਨੇ ਬਾਰੇ ਦਸਿਆ ਕਿ ਰੱਬ ਨੇ ਕਿਹਾ ਸੀ ਇਕ ਦਿਨ ਉਹ ਜ਼ਰੂਰ ਮੇਰੇ ਕੋਲ ਆਵੇਗਾ।"

ਔਰਤ ਨੇ ਕਿਹਾ, "ਕੌਣ ਜਾਣਦਾ ਹੈ? ਹਾਂ, ਪਰ ਉਸਦੀ ਦਯਾ ਕਰਕੇ ਇਹ ਸਭ ਸੰਭਵ ਹੋ ਸਕਦਾ ਹੈ।"

ਔਰਤ ਉਠ ਪਈ ਉਸਨੇ ਕੋਟ ਪਹਿਣ ਲਿਆ ਅਤੇ ਬੱਚੇ ਨੂੰ ਵੀ ਵਿਚ ਲਪੇਟ ਲਿਆ। ਉਸਨੇ ਇਕ ਵਾਰੀ ਹੋਰ ਮਾਰਟਿਨ ਦਾ ਸ਼ੁਕਰੀਆ ਕੀਤਾ। ਮਾਰਟਿਨ ਨੇ ਛੇ ਪੈਂਨਿਸ ਅਪਣੇ ਕੋਲੋਂ ਸ਼ਾਲ ਖਰੀਦਨ ਲਈ ਦਿੱਤੇ। ਔਰਤ ਨੇ ਧੰਨਵਾਦ ਕੀਤਾ ਅਤੇ ਉਥੋਂ ਚਲੀ ਗਈ।

ਮਾਰਟਿਨ ਨੇ ਕੰਮ ਸ਼ੁਰੂ ਕਰ ਦਿਤਾ ਪਰ ਉਸਦਾ ਧਿਆਨ ਬਾਰੀ ਵਲ ਹੀ ਰਿਹਾ ਕਿ ਕਿਸੇ ਨੇ ਆਉਣਾ ਹੈ। ਥੋੜ੍ਹੀ ਦੇਰ ਬਾਦ ਮਾਰਟਿਨ ਨੇ ਇਕ ਸੇਬ ਵੇਚਣ ਵਾਲੀ ਔਰਤ ਨੂੰ ਬਾਰੀ ਦੇ ਕੋਲ ਖੜ੍ਹੀ ਵੇਖਿਆ ਜਿਸ ਕੋਲ ਸੇਬਾਂ ਵਾਲੀ ਟੋਕਰੀ ਸੀ। ਕੁਝ ਸਮਾਨ ਉਹ ਪਿਠ ਤੇ ਰਖ ਕੇ ਜਾ ਰਹੀ ਸੀ ਜਿਸਨੂੰ ਉਹ ਕਦੀ ਸਜੇ ਅਤੇ ਕਦੀ ਖਬੇ ਕਰਦੀ ਕਿਉਂਕਿ ਉਹ ਕੰਮ ਕਰਕੇ ਥੱਕ ਚੁੱਕੀ ਸੀ। ਉਸਨੇ ਥੋੜ੍ਹਾ ਅਰਾਮ ਕਰਨ ਲਈ ਸੇਬਾਂ ਦੀ ਟੋਕਰੀ ਥਲੇ ਰਖੀ ਹੀ ਸੀ ਕਿ ਇਕ ਲੜਕਾ ਸੇਬ ਲੈ ਕੇ ਖਿਸਕ ਗਿਆ ਪਰ ਸੇਬ ਵੇਚਨ ਵਾਲੀ ਨੇ ਲੜਕੇ ਨੂੰ ਮੋਢੇ ਤੋਂ ਪਕੜ ਲਿਆ। ਲੜਕਾ ਛੁਡਾ ਕੇ ਦੌੜਨਾ ਚਾਹੁੰਦਾ ਸੀ ਪਰ ਔਰਤ ਨੇ ਉਸਨੂੰ ਵਾਲਾਂ ਤੋਂ ਪਕੜ ਲਿਆ। ਲੜਕਾ ਰੋਣ ਲਗਾ। ਮਾਰਟਿਨ ਇਕਦਮ ਬਾਹਰ ਆ ਗਿਆ। ਉਹ ਥਿੜਕਿਆ ਅਤੇ ਉਸਦੀ ਐਨਕ ਵੀ ਨਕ ਤੋਂ ਥਲੇ ਜ਼ਮੀਨ ਤੇ ਡਿਗ ਗਈ। ਔਰਤ ਲੜਕੇ ਨੂੰ ਪੁਲੀਸ ਕੋਲ ਲੈ ਜਾਣ ਦਾ ਕਹਿ ਰਹੀ ਸੀ। ਲੜਕਾ ਤਰਲੇ ਨਾਲ ਕਹਿ ਰਿਹਾ ਸੀ ਮੈਨੂੰ ਮੁਆਫ ਕਰਦੇ। ਮਾਰਟਿਨ ਨੇ ਉਹਨਾਂ ਨੂੰ ਅਲਗ ਅਲਗ ਕੀਤਾ ਅਤੇ ਲੜਕੇ ਨੂੰ ਮੁਆਫ ਕਰਨ ਲਈ ਔਰਤ ਨੂੰ ਕਿਹਾ। ਔਰਤ ਲੜਕੇ ਨੂੰ ਸਖਤ ਸਬਕ ਸਿਖਾਣਾ ਚਾਹੁੰਦੀ ਸੀ। ਮਾਰਟਿਨ ਨੇ ਔਰਤ ਨੂੰ ਸਮਝਾਇਆ ਕਿ ਬੱਚੇ ਨੂੰ ਮੁਆਫ ਕਰ ਦੇਵੇ।

ਮਾਰਟਿਨ ਨੇ ਕਿਹਾ, "ਮੈਂ ਪੈਸੇ ਦਿੰਦਾ ਹਾਂ।"

ਔਰਤ ਬੋਲੀ, "ਤੁਸੀਂ ਲੜਕੇ ਨੂੰ ਖਰਾਬ ਬਣਾ ਰਹੇ ਹੋ। ਮੈਂ ਮੁਆਫ ਨਹੀਂ ਕਰਾਂਗੀ।"

ਮਾਰਟਿਨ ਨੇ ਕਿਹਾ, "ਰੱਬ ਤੇ ਸਭ ਨੂੰ ਮੁਆਫ ਕਰ ਦਿੰਦਾ ਹੈ। ਜੇ ਅਸੀਂ ਮੁਆਫ ਨਹੀਂ ਕਰਦੇ ਤਾਂ ਫਿਰ ਸਾਨੂੰ ਵੀ ਰੱਬ ਮੁਆਫ ਨਹੀਂ ਕਰੇਗਾ।" ਬੁਢੀ ਔਰਤ ਚੁਪ ਹੋ ਗਈ। ਉਸਨੇ ਡੂੰਘਾ ਸਾਹ ਲਿਆ ਅਤੇ ਬੋਲੀ, "ਮੇਰੇ ਬਹੁਤ ਸਾਰੇ ਪੋਤਰੇ ਅਤੇ ਪੋਤਰੀਆਂ ਹਨ ਅਤੇ ਮੈਨੂੰ ਇਸ ਉਮਰ ਵਿਚ ਵੀ ਉਹਨਾਂ ਲਈ ਕੰਮ ਕਰਨਾ ਪੈਂਦਾ ਹੈ। ਮੇਰੇ ਕੋਲ ਛੋਟਾ ਜਿਹਾ ਘਰ ਹੈ। ਕੀ ਸਭ ਨੂੰ ਮੇਹਨਤ ਨਹੀਂ ਕਰਨੀ ਚਾਹੀਦੀ?"

ਮਾਰਟਿਨ ਨੇ ਕਿਹਾ, "ਹਾਂ, ਤੁਸੀਂ ਠੀਕ ਕਹਿ ਰਹੇ ਹੋ ਪਰ ਫਿਰ ਵੀ ਲੜਕੇ ਨੂੰ ਮੁਆਫ ਕਰ ਦਿਉ।"

ਬੁਢੀ ਔਰਤ ਭਾਰ ਚੁਕਨ ਲਗੀ ਪਰ ਲੜਕੇ ਨੇ ਅਗੇ ਹੋ ਕੇ ਆਪ ਭਾਰ ਚੁਕ ਲਿਆ ਅਤੇ ਉਹ ਦੋਨੋਂ ਜਣੇ ਗਲੀ ਵਿਚ ਇਕੱਠੇ ਚਲ ਪਏ।

ਮਾਰਟਿਨ ਖਲੋ ਕੇ ਇਹ ਦ੍ਰਿਸ਼ ਵੇਖਦਾ ਰਿਹਾ। ਉਸਨੂੰ ਬੜਾ ਚੰਗਾ ਲਗਾ। ਮਾਰਟਿਨ ਨੇ ਥਲੇ ਜ਼ਮੀਨ ਤੋਂ ਐਨਕ ਚੁਕ ਲਈ ਜੋ ਟੁਟੀ ਨਹੀਂ ਸੀ। ਉਹ ਫਿਰ ਕੰਮ ਕਰਨ ਲਈ ਬੈਠ ਗਿਆ। ਹਨ੍ਹੇਰਾ ਹੋ ਰਿਹਾ ਸੀ ਅਤੇ ਉਹ ਠੀਕ ਤਰ੍ਹਾਂ ਵੇਖ ਨਹੀਂ ਸਕਦਾ ਸੀ। ਉਹ ਘਰ ਵਾਪਸ ਆ ਗਿਆ ਅਤੇ ਪਵਿੱਤਰ ਕਿਤਾਬ ਪੜ੍ਹਣ ਲਗ ਪਿਆ। ਉਸਨੂੰ ਫਿਰ ਸੁਪਨਾ ਯਾਦ ਆਇਆ ਅਤੇ ਉਸਨੂੰ ਕਿਸੇ ਦੀ ਉਹਦੇ ਪਿਛੇ ਪਿਛੇ ਚਲਣ ਦੀ ਆਹਟ ਸੁਣਾਈ ਦਿਤੀ। ਉਸਨੇ ਮੁੜ ਕੇ ਵੇਖਿਆ ਪਰ ਉਥੇ ਕੋਈ ਨਹੀਂ ਸੀ। ਉਸਦੇ ਕੰਨ ਵਿਚ ਇਕ ਪਿਆਰੀ ਅਵਾਜ਼ ਨੇ ਕਿਹਾ, "ਮਾਰਟਿਨ, ਮਾਰਟਿਨ, ਤੂੰ ਮੈਨੂੰ ਨਹੀਂ ਜਾਣਦਾ ਹੈਂ?"

ਮਾਰਟਿਨ ਬੜਬੜਾਇਆ, "ਤੂੰ ਕੌਣ ਹੈਂ?"

ਅਵਾਜ਼ ਬੋਲੀ, "ਇਹ ਮੈਂ ਹਾਂ", ਅਤੇ ਬੜੇ ਥੋੜ੍ਹੇ ਪਲ ਵਾਸਤੇ ਹੀ ਹਨ੍ਹੇਰੇ ਵਿਚੋਂ ਬਰਫ ਸਾਫ ਕਰਨ ਵਾਲਾ ਬੁਢਾ ਹਸਦਾ ਹੋਇਆ ਮਾਰਟਿਨ ਨੂੰ ਸਾਫ ਨਜ਼ਰ ਆਇਆ ਅਤੇ ਫਿਰ ਇਕਦਮ ਗਾਇਬ ਹੋ ਗਿਆ।

ਅਵਾਜ਼ ਫਿਰ ਬੋਲੀ, "ਇਹ ਮੈਂ ਹਾਂ", ਅਤੇ ਬੜੇ ਥੋੜ੍ਹੇ ਪਲ ਵਾਸਤੇ ਹੀ ਹਨ੍ਹੇਰੇ ਵਿਚੋਂ ਉਹੀ ਔਰਤ ਬੱਚੇ ਨੂੰ ਚੁਕੀ ਮੁਸਕਰਾਂਦੀ ਹੋਈ ਮਾਰਟਿਨ ਨੂੰ ਸਾਫ ਨਜ਼ਰ ਆਈ ਅਤੇ ਫਿਰ ਬਦਲਾਂ ਵਾਂਗੂੰ ਇਕਦਮ ਗਾਇਬ ਹੋ ਗਈ।

ਅਵਾਜ਼ ਇਕ ਵਾਰੀ ਫਿਰ ਬੋਲੀ, "ਇਹ ਮੈਂ ਹਾਂ", ਅਤੇ ਬੜੇ ਥੋੜ੍ਹੇ ਪਲ ਵਾਸਤੇ ਹੀ ਸੇਬ ਵੇਚਣ ਵਾਲੀ ਔਰਤ ਅਤੇ ਲੜਕਾ ਦੋਨੋਂ ਹੱਸਦੇ ਹੋਏ ਹਨ੍ਹੇਰੇ ਵਿਚੋਂ ਮਾਰਟਿਨ ਨੂੰ ਸਾਫ ਨਜ਼ਰ ਆਏ ਅਤੇ ਫਿਰ ਇਕਦਮ ਗਾਇਬ ਹੋ ਗਏ।

ਇਹ ਸਭ ਕੁਝ ਤਕਦੇ ਹੋਏ ਮਾਰਟਿਨ ਦਾ ਦਿਲ ਖੁਸ਼ੀ ਨਾਲ ਭਰਦਾ ਗਿਆ। ਉਸਨੂੰ ਲਗਾ ਕਿ ਜਨਮਾਂ ਜਨਮਾਂ ਤੋਂ ਭੁਖੇ ਮਾਰਟਿਨ ਨੂੰ ਉਹੀ ਅਵਾਜ਼ ਖਾਣ ਵਾਸਤੇ ਦਿੰਦੀ ਚਲੀ ਆ ਰਹੀ ਹੈ; ਉਸਨੂੰ ਲਗਾ ਕਿ ਉਹੀ ਅਵਾਜ਼ ਉਸ ਪਿਆਸੇ ਦੀ ਜਨਮਾਂ ਜਨਮਾਂ ਤੋਂ ਪਿਆਸ ਮਿਟਾਂਦੀ ਚਲੀ ਆ ਰਹੀ ਹੈ ਅਤੇ ਉਸਨੂੰ ਲਗਾ ਕਿ ਜਨਮਾਂ ਜਨਮਾਂ ਤੋਂ ਉਹੀ ਅਵਾਜ਼ ਉਸਦਾ ਸਾਥ ਦਿੰਦੀ ਆ ਰਹੀ ਹੈ ਅਤੇ ਉਸਨੂੰ ਲਗਾ ਕਿ ਜਨਮਾਂ ਜਨਮਾਂ ਤੋਂ ਜੇ ਉਹ ਕਿਸੇ ਦਾ ਸਵਾਰਦਾ ਹੈ ਤਾਂ ਉਹੀ ਅਵਾਜ਼ ਉਸ ਤੋਂ ਜ਼ਿਆਦਾ ਮਾਰਟਿਨ ਨੂੰ ਸਵਾਰਦੀ ਰਹੀ ਹੈ। ਉਸਨੂੰ ਲਗਾ ਉਹੀ ਅਵਾਜ਼ ਹੈ ਜਿਸਦੀ ਉਡੀਕ ਵਿਚ ਮੈਂ ਸੀ। ਅਵਾਜ਼ ਮਿਠੀ ਤੋਂ ਮਿਠੀ ਅਤੇ ਅਤ ਸੁਰੀਲੀ ਸੀ। ਮਾਰਟਿਨ ਨੇ ਆਪ ਮੁਹਾਰੇ ਕਿਹਾ, "ਮੇਰਾ ਸੁਪਨਾ ਸੱਚਾ ਸੀ।"

## ਸਿਹਤ ਸੰਭਾਲ

# ਵਧਦੀ ਉਮਰ ਵਿਚ ਰਹੋ ਚੁਸਤ-ਦਰੁਸਤ



ਆਪਣੇ ਸਰੀਰ ਨੂੰ ਸਰਗਰਮ ਰੱਖਣ ਲਈ ਵੱਧ ਤੋਂ ਵੱਧ ਪੈਦਲ ਚੱਲੋ ਅਤੇ ਕਸਰਤ ਦੇ ਨਿਯਮਾਂ ਨੂੰ ਆਪਣੀ ਰੋਜ਼ਮਰਾ ਵਿਚ ਸ਼ਾਮਿਲ ਕਰੋ। ਜਵਾਨੀ ਵਿਚ ਲਿਫਟ ਦੀ ਬਜਾਏ ਪੌੜੀਆਂ 'ਤੇ ਚੜ੍ਹੋ-ਉਤਰੋ, ਬੱਚਿਆਂ ਨਾਲ ਖੇਡੋ। ਤੈਰਾਕੀ ਜਾਂ ਬੈਡਮਿੰਟਨ ਆਦਿ ਦੇ ਸ਼ੌਂਕ ਨੂੰ ਅੱਗੇ ਵਧਾਓ।

ਵਧਦੀ ਉਮਰ ਦੇ ਨਾਲ ਹਰ ਕੋਈ ਤੰਦਰੁਸਤ ਰਹਿਣਾ ਚਾਹੁੰਦਾ ਹੈ ਪਰ ਤੰਦਰੁਸਤ ਰਹਿਣ ਲਈ ਯਤਨ ਸਾਨੂੰ ਪਹਿਲਾਂ ਤੋਂ ਹੀ ਕਰਨਾ ਹੁੰਦਾ ਹੈ। ਉਸ ਵੇਲੇ ਅਸੀਂ ਸੋਚਦੇ ਹਾਂ ਕਿ ਅਸੀਂ ਜਵਾਨ ਹਾਂ, ਹੁਣੇ ਹੀ ਆਪਣੇ-ਆਪ 'ਤੇ ਕੰਟਰੋਲ ਕਿਉਂ ਰੱਖੀਏ? ਇਹ ਉਮਰ ਤਾਂ ਖਾਣ-ਪੀਣ ਦੀ ਹੈ, ਇਸ ਲਈ ਬੁਢਾਪੇ ਵਿਚ ਦੇਖਿਆ ਜਾਵੇਗਾ। ਪਰ ਜਦੋਂ ਬੁਢਾਪਾ ਆਉਂਦਾ ਹੈ ਤਾਂ ਉਸ ਵੇਲੇ ਨਾ ਸੋਚਣ ਦਾ ਸਮਾਂ ਹੁੰਦਾ ਹੈ ਅਤੇ ਨਾ ਹੀ ਯਤਨ ਕਰਨ ਦਾ। ਇਸ ਲਈ ਬੁਢਾਪਾ ਸਰੀਰ 'ਤੇ ਪੂਰੀ ਤਰ੍ਹਾਂ ਛਾਅ ਹੀ ਜਾਂਦਾ ਹੈ।



ਜੇਕਰ ਅਸੀਂ ਜਵਾਨੀ ਵਿਚ ਹੀ ਸੁਚੇਤ ਰਹਾਂਗੇ ਤਾਂ ਅੱਗੇ ਵੀ ਉਸ ਆਦਤ ਨੂੰ ਬਰਕਰਾਰ ਰੱਖਣਾ ਸਾਡੇ ਲਈ ਆਸਾਨ ਹੋਵੇਗਾ। ਸਮਾਂ ਰਹਿੰਦੇ ਕੁਝ ਨਿਯਮਾਂ ਨੂੰ ਅਪਣਾਉਣਾ ਚਾਹੀਦਾ ਹੈ ਤਾਂ ਕਿ ਵਧਦੀ ਉਮਰ 'ਤੇ ਕਾਬੂ ਪਾਇਆ ਜਾ ਸਕੇ।

ਜਵਾਨੀ ਵਿਚ ਤਲੇ ਹੋਏ ਖਾਧ ਪਦਾਰਥ, ਬਰਗਰ, ਪੀਜਾ, ਨੂਡਲਜ ਆਦਿ ਦਾ ਸੇਵਨ ਘੱਟ ਤੋਂ ਘੱਟ ਕਰੋ। ਵਧੇਰੇ ਫੈਟ ਵਾਲੇ ਖਾਧ ਪਦਾਰਥਾਂ ਤੋਂ ਪ੍ਰਹੇਜ਼ ਕਰੋ। ਨਾ ਤਾਂ ਤੁਸੀਂ ਆਪ ਸਿਗਰਟਨੋਸ਼ੀ ਕਰੋ ਅਤੇ ਨਾ ਹੀ ਅਜਿਹੇ ਲੋਕਾਂ ਨਾਲ ਦੋਸਤੀ ਰੱਖੋ ਜੋ ਸਿਗਰਟਨੋਸ਼ੀ ਕਰਦੇ ਹਨ, ਕਿਉਂਕਿ ਆਪ ਸਿਗਰਟਨੋਸ਼ੀ ਕਰਨ ਨਾਲ ਤਾਂ ਨੁਕਸਾਨ ਪਹੁੰਚਦਾ ਹੀ ਹੈ, ਦੂਜਿਆਂ ਦੇ ਸਿਗਰਟ-ਬੀੜੀ ਦੇ ਧੂੰਏਂ ਵੀ ਨੁਕਸਾਨ ਪਹੁੰਚਾਉਂਦੇ ਹਨ। ਸਿਗਰਟਨੋਸ਼ੀ ਕਰਨ ਵਾਲੇ ਲੋਕਾਂ ਦੇ ਚਿਹਰੇ 'ਤੇ ਝੁਰੜੀਆਂ ਜਲਦੀ ਪੈਂਦੀਆਂ ਹਨ। ਸਭ ਜਾਣਦੇ ਹਨ ਕਿ ਤਣਾਅ ਸਾਡੀ ਸਿਹਤ ਦਾ ਦੁਸ਼ਮਣ ਹੈ।

**ਜੋਗਿੰਦਰ ਸਿੰਘ ਅਜੈਬ**
**ਕੋ-ਐਡੀਟਰ**
**98152-69145**



ਫਿਰ ਵੀ ਸਾਡੇ ਵਿਚੋਂ ਬਹੁਤੇ ਲੋਕ ਤਣਾਅਗ੍ਰਸਤ ਰਹਿੰਦੇ ਹਨ। ਯਤਨ ਕਰੋ ਕਿ ਤਣਾਅ ਘੱਟ ਤੋਂ ਘੱਟ ਹੋਵੇ।

ਵੱਡੇ ਸ਼ਹਿਰਾਂ ਵਿਚ ਵਧੇਰੇ ਮੋਟਰਾਂ, ਗੱਡੀਆਂ, ਬੱਸਾਂ, ਕਾਰਾਂ ਕਾਰਨ ਸ਼ਹਿਰ ਦਾ ਵਾਤਾਵਰਨ ਪ੍ਰਦੂਸ਼ਤ ਰਹਿੰਦਾ ਹੈ, ਫਿਰ ਵੀ ਪ੍ਰਦੂਸ਼ਣ ਤੋਂ ਦੂਰੀ ਬਣਾਈ ਜਾ ਸਕਦੀ ਹੈ। ਹਰ ਰੋਜ਼ ਸਵੇਰੇ ਉਠ ਕੇ ਸੈਰ ਨੂੰ ਜਾਓ, ਖੁੱਲ੍ਹੀ ਹਵਾ ਵਿਚ ਪ੍ਰਾਣਾਯਾਮ ਅਤੇ ਆਸਣ ਕਰੋ, ਤਾਂ ਕਿ ਫੇਫੜੇ ਸ਼ੁੱਧ ਹਵਾ ਗ੍ਰਹਿਣ ਕਰ ਸਕਣ। ਵਧੇਰੇ ਭੀੜ-ਭਾੜ ਵਾਲੇ ਥਾਵਾਂ 'ਤੇ ਬਿਨਾਂ ਮਜਬੂਰੀ ਦੇ ਨਾ ਜਾਓ। ਲੰਬੀ ਉਮਰ ਅਤੇ ਤੰਦਰੁਸਤ ਦੰਦਾਂ ਦਾ ਆਪਸੀ ਸੰਬੰਧ ਹੁੰਦਾ ਹੈ। ਜੋ ਲੋਕ ਆਪਣੀ ਨਿੱਜੀ ਸਫਾਈ ਪ੍ਰਤੀ ਜਾਗਰੂਕ ਹੁੰਦੇ ਹਨ, ਉਹ ਤੰਦਰੁਸਤ ਰਹਿੰਦੇ ਹਨ। ਦੰਦ ਜੇਕਰ ਤੰਦਰੁਸਤ ਹੋਣਗੇ ਤਾਂ ਖਾਣਾ ਚੰਗੀ ਤਰ੍ਹਾਂ ਚਬਾਉਣਗੇ, ਜਿਸ ਨਾਲ ਪੇਟ ਠੀਕ ਰਹੇਗਾ। ਪੇਟ ਦੇ ਵਿਗੜਨ ਨਾਲ ਕਈ ਬਿਮਾਰੀਆਂ ਘੇਰ ਲੈਂਦੀਆਂ ਹਨ।

ਅੰਤ ਵਿਚ ਤੁਸੀਂ ਆਪਣੇ ਸਰੀਰ ਦਾ ਆਪ ਧਿਆਨ ਰੱਖੋਗੇ ਤਾਂ ਹੀ ਤੁਹਾਡਾ ਪਰਿਵਾਰ ਵੀ ਤੁਹਾਡੀ ਇਸ ਚੰਗੀ ਆਦਤ ਨੂੰ ਅਪਨਾ ਕੇ ਇਸ ਰਾਹ ਤੇ ਚੱਲੇਗਾ ਅਤੇ ਤੰਦਰੁਸਤ ਰਹੇਗਾ।

# ਸੋਸ਼ਲ ਡ੍ਰਿੰਕਿੰਗ : ਗੁਣ ਜਾਂ ਐਬ?

ਡਾ. ਰਾਜਿੰਦਰ ਸਿੰਘ

ਸ਼ਰਾਬ ਸਾਡੇ ਸਮਾਜ ਵਿਚ ਆਦਿ ਤੋਂ ਹੀ ਰਹੀ ਹੈ, ਪਰੰਤੂ ਪੌਣੀ ਕੁ ਸਦੀ ਪਹਿਲਾਂ ਤੱਕ ਕਦੀ ਵੀ ਇਸ ਨੂੰ ਆਦਰ ਦੀ ਦ੍ਰਿਸ਼ਟੀ ਨਾਲ ਨਹੀਂ ਦੇਖਿਆ ਗਿਆ ਸੀ। ਪਰਹੇਜ਼ਗਾਰ ਵਿਅਕਤੀ ਸਤਿਕਾਰ ਦੇ ਪਾਤਰ ਤੇ ਚੰਗੇਰੇ ਇਨਸਾਨ ਸਮਝੇ ਜਾਂਦੇ ਸਨ। ਬੁੱਧੀਮਾਨ ਇੱਜ਼ਤਦਾਰ ਲੋਕ ਜਾਂ ਤਾਂ ਸ਼ਰਾਬ ਨੂੰ ਮੂੰਹ ਨਹੀਂ ਲਾਂਦੇ ਸਨ ਜਾਂ ਫਿਰ ਕਲੰਕਿਤ ਹੋਣ ਦੇ ਡਰ ਤੋਂ ਅੰਦਰਖਾਨੇ ਹੀ ਆਪਣਾ ਇਹ ਸ਼ੌਕ ਪੂਰਾ ਕਰਦੇ ਸਨ। ਖੁਲ੍ਹੇਆਮ ਸ਼ਰਾਬਨੋਸ਼ੀ ਕੇਵਲ ਸਮਾਜ ਦੇ ਨਿਚਲੇ ਵਰਗ ਅਤੇ ਵਿਗੜੇ-ਤਿਗੜੇ ਅਮੀਰਜ਼ਾਦਿਆਂ ਤੱਕ ਹੀ ਸੀਮਿਤ ਸੀ। ਕੁਝ ਪੁਰਾਤਨ ਕਬੀਲਿਆਂ ਅਤੇ ਵੇਸਵਾਵਾਂ ਤੋਂ ਛੁੱਟ ਤੀਵੀਆਂ ਵਿਚ ਇਹ ਵਾਦੀ ਅਗਿਆਤ ਸੀ ਅਤੇ ਬੇਹਯਾਈ ਦੀ ਅਲਾਮਤ ਸਮਝੀ ਜਾਂਦੀ ਸੀ।

ਹੁਣ ਨਜ਼ਰੀਆ ਬਹੁਤ ਬਦਲ ਗਿਆ ਹੈ। ਸ਼ਰਾਬਨੋਸ਼ੀ ਦੇ ਵਿਰੋਧ ਦੀ ਥਾਂ ਹੁਣ ਸਿਆਣਪ ਨਾਲ ਪੀਣ (Sensible drinking) ਦੀ ਵਕਾਲਤ ਕੀਤੀ ਜਾਂਦੀ ਹੈ। ਇਹ ਮਸ਼ਵਰਾ ਦਿੱਤਾ ਜਾਂਦਾ ਹੈ ਕਿ ਸਮੂਹਕ ਜਾਂ ਵਿਅਕਤੀਗਤ ਮਨੋਰੰਜਨ ਲਈ ਸੰਜਮ ਨਾਲ ਪੀਓ, ਪਰੰਤੂ ਇਹ ਨੌਬਤ ਨਾ ਆਉਣ ਦਿਉ ਕਿ ਤੁਸੀਂ ਅਮਲੀ ਹੀ ਬਣ ਜਾਉ ਤੇ ਸ਼ਰਾਬ ਬਿਨਾਂ ਰਹਿ ਹੀ ਨਾ ਸਕੋ। ਅਜਿਹੀ ਸ਼ਰਾਬਨੋਸ਼ੀ ਨੂੰ 'ਸੋਸ਼ਲ ਡ੍ਰਿੰਕਿੰਗ' ਦੇ ਲੇਬਲ ਨਾਲ 'ਸਨਮਾਨਿਆ' ਗਿਆ ਹੈ।

ਸੋਸ਼ਲ ਡ੍ਰਿੰਕਿੰਗ ਅੱਜ ਇਕ ਫੈਸ਼ਨ ਤੇ ਸਾਡੇ ਸੱਭਿਆਚਾਰ ਦਾ ਹਿੱਸਾ ਬਣ ਗਈ ਹੈ। ਵਰਤਮਾਨ ਪੀੜ੍ਹੀ ਇਸ ਨੂੰ ਇਕ ਗੌਰਵਮਈ ਸ਼ੁਗਲ ਅਤੇ ਪ੍ਰਸੰਨ ਤੇ ਸਫਲ ਜੀਵਨ ਦੀ ਕੁੰਜੀ ਸਮਝਦੀ ਹੈ। ਯੁਵਾ ਵਰਗ ਇਸ 'ਚੋਂ ਆਪਣੇ ਬਾਂਕਪਣ ਤੇ ਜਾਂਬਾਜ਼ੀ ਦੀ ਤਸੱਲੀ ਹਾਸਲ ਕਰਦਾ ਹੈ। ਕੋਈ ਜਸ਼ਨ, ਕੋਈ ਵਿਆਹ, ਕੋਈ ਪਾਰਟੀ ਇਸ ਤੋਂ ਬਿਨਾਂ ਸੰਪੰਨ ਨਹੀਂ ਸਮਝੀ ਜਾਂਦੀ। ਅੱਜ ਸ਼ਰਾਬ ਤੋਂ ਬਿਨਾਂ ਨਿੱਘੀ ਮਹਿਮਾਨ ਨਿਵਾਜ਼ੀ ਦੀ ਕਲਪਨਾ ਹੀ ਨਹੀਂ ਕੀਤੀ ਜਾਂਦੀ। ਮਹਿਮਾਨ ਅੱਗੇ ਛੱਤੀ ਪ੍ਰਕਾਰ ਦੇ ਸੁਆਦਲੇ ਭੋਜਨ ਪਰੋਸੋ, ਪਰ ਸ਼ਰਾਬ ਨਾ ਰੱਖੋ ਤਾਂ ਉਸ ਦਾ ਮੂੰਹ ਸੁੱਜ ਜਾਂਦਾ ਹੈ। ਉਹ ਸਮਝਦਾ ਹੈ ਕਿ ਉਸ ਦਾ ਘੋਰ ਅਪਮਾਨ ਹੋਇਆ ਹੈ। ਪਰਹੇਜ਼ਗਾਰ ਅੱਜ ਦੇ ਜ਼ਮਾਨੇ ਵਿਚ ਪਿਛਾਂਹ-ਖਿੱਚੂ ਅਤੇ 'ਕਲਯੁਗ' ਵਿਚ ਸਤਿਯੁਗ ਦੀਆਂ ਗੱਲਾਂ ਮਾਰਨ ਵਾਲੇ ਸਨਕੀ ਸਮਝੇ ਜਾਂਦੇ ਹਨ।

ਸ਼ਰਾਬਨੋਸ਼ੀ ਪ੍ਰਫੁਲਿਤ ਹੋਣ ਦੇ ਮੁੱਖ ਕਾਰਨਾਂ ਵਿਚੋਂ ਦੋ ਹਨ : ਅਗਾਂਹਵਧੂ ਤੇ ਆਧੁਨਿਕ ਜਾਪਣ ਦੇ ਖਬਤ ਵਿਚ ਪੱਛਮ ਦੀ ਨਕਲ ਕਰਨ ਦੀ ਸਾਡੀ ਪੁੱਠੀ ਚਾਲ ਅਤੇ ਪਰੰਪਰਾਗਤ ਸਦਾਚਾਰਕ, ਨੈਤਿਕ ਤੇ ਧਾਰਮਿਕ ਕਦਰਾਂ-ਕੀਮਤਾਂ ਤੇ ਬੰਦਸ਼ਾਂ ਦਾ ਕਮਜ਼ੋਰ ਪੈਣਾ। ਪੱਛਮੀ ਸਭਿਅਤਾ ਦੀ ਚਕਾਚੌਂਧ ਵਿਚ ਗਵਾਚ ਅਸੀਂ ਆਪਣੇ ਅਮੀਰ ਵਿਰਸੇ ਨੂੰ ਭੁੱਲ ਗਏ ਹਾਂ। ਉਨ੍ਹਾਂ ਦੇ ਮਾੜੇ ਤੌਰ-ਤਰੀਕਿਆਂ ਪਿੱਛੇ ਤਾਂ ਅਸੀਂ ਲੱਗ ਤੁਰੇ ਹਾਂ, ਪਰੰਤੂ ਸਖ਼ਤ ਮਿਹਨਤ, ਵਕਤ ਦੀ ਪਾਬੰਦੀ ਅਤੇ ਫਰਜ਼-ਸ਼ਨਾਸੀ ਵਰਗੇ ਗੁਣਾਂ ਤੋਂ ਅਭਿੱਜ ਰਹੇ ਹਾਂ। ਉਨ੍ਹਾਂ ਦੇ ਪਹਿਰਾਵੇ, ਖਾਣ-ਪੀਣ, ਸ਼ਰਾਬਨੋਸ਼ੀ ਅਤੇ ਆਪਣੀ ਮਾਤ-ਬੋਲੀ ਦੀ ਥਾਂ ਅੰਗਰੇਜ਼ੀ ਵਿਚ ਗਿਟ-ਮਿਟ ਕਰਨ ਵਿਚ ਅਸੀਂ ਆਪਣੀ ਸ਼ਾਨ ਸਮਝਣ ਲੱਗ ਪਏ ਹਾਂ।

ਪਹਿਲੇ ਕੁਝ ਧਾਰਮਿਕ ਵਿਸ਼ਵਾਸ ਸਨ, ਸਮਾਜ ਵੱਲੋਂ ਕੁਝ ਬੰਦਸ਼ਾਂ ਤੇ ਰੋਕਾਂ ਸਨ ਅਤੇ ਪਰੰਪਰਾਗਤ ਕਦਰਾਂ-ਕੀਮਤਾਂ ਸਨ, ਜਿਨ੍ਹਾਂ ਤੋਂ ਲੋਕ ਸਦਾਚਾਰਕ ਤੇ ਅਨੁਸ਼ਾਸਤ ਜੀਵਨ ਲਈ ਸੇਧ ਲੈਂਦੇ ਸਨ। ਨਵੀਂ ਪੀੜ੍ਹੀ ਨੇ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਰੱਦ ਕਰ ਦਿੱਤੀਆਂ ਹਨ। ਪਿੰਡਾਂ ਵਿਚ ਕੋਈ ਪਿਉ ਆਪਣੇ ਪੁੱਤ ਸਾਹਮਣੇ ਸ਼ਰਾਬ ਨਹੀਂ ਸੀ ਪੀਂਦਾ ਅਤੇ ਨਾ ਹੀ ਕੋਈ ਪੁੱਤ ਪੀ ਕੇ ਬਜ਼ੁਰਗਾਂ ਸਾਹਮਣੇ ਆਉਣ ਦੀ ਜੁਰਤ ਕਰਦਾ ਸੀ। ਹੁਣ ਬਾਬਾ ਪੋਤੇ ਨੂੰ ਗਲਾਸੀ ਪੇਸ਼ ਕਰਦਾ ਹੈ ਅਤੇ ਤਿੰਨੋਂ ਪੀੜ੍ਹੀਆਂ ਰਲ ਕੇ ਪੀਂਦੀਆਂ ਹਨ।

